प्रास्पैक्टस


# Prospectus




# AKLIA DEGREE COLLEGE

(Affiliated to Punjabi University, Patiala)

2 Km. From Goniana Mandi Towards Jaitu, Bathinda (Pb.)
Ph.: 0164-2262631
M.: 81466-28401 | 95011-08145
E-mail : deg@akliainstitute.org | Web Site : www.akliainstitute.org



# ਕਾਲਜ ਧੁਨੀ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੂ ਦੂਹੇਲਾ॥੧॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ॥
ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥
ਦੂਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥੨॥
ਕਹੈ ਫਰੀਦੂ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥੩॥੨॥੭੯੪॥

(ਸ਼ੇਖ਼ ਫ਼ਰੀਦ-ਸੂਹੀ ਲਲਿਤ)



# ਸੰਦੇਸ਼

ਪਿਆਰੇ ਵਿਦਿਆਰਥੀਓ

ਮੈਨੂੰ ਖੁਸ਼ੀ ਹੈ ਕਿ ਤੁਸੀਂ ਆਕਲੀਆ ਡਿਗਰੀ ਕਾਲਜ ਵਿੱਚ ਦਾਖਲ ਹੋ ਰਹੇ ਹੋ। ਆਕਲੀਆ ਗਰੁੱਪ ਆਫ ਇੰਸਟੀਚਿਊਸ਼ਨਜ਼ ਬਠਿੰਡਾ ਸ਼ਹਿਰ ਤੋਂ ਗੋਨਿਆਣਾ-ਜੈਤੋ ਰੋਡ ਤੋਂ ਸਿਰਫ 15 ਕਿਲੋਮੀਟਰ ਤੇ ਸਥਿੱਤ ਹੈ, ਅਜਿਹੀ ਸੰਸਥਾ ਹੈ ਜਿਹੜੀ ਕਿ ਹਰੇ-ਭਰੇ ਵਾਤਾਵਰਣ ਕਰਕੇ ਪ੍ਰਦੂਸ਼ਨ ਰਹਿਤ ਹੈ ।

ਆਕਲੀਆ ਇੰਸਟੀਚਿਊਸ਼ਨਜ਼ ਇਲਾਕੇ ਦੀਆਂ ਮੋਢੀ ਸੰਸਥਾਵਾਂ ਵਿਚੋਂ ਇੱਕ ਹੈ, ਜਿਸਦੀ ਸਥਾਪਨਾ ਸੰਨ 2003ਵਿੱਚ ਸੁਸਾਇਟੀ-ਐਕਟ ਅਧੀਨ ਕੀਤੀ ਗਈ । ਸੰਸਥਾ ਕੋਲ ਪੇਂਡੂ ਖੇਤਰ ਦੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਬੱਸਾਂ ਦਾ ਆਪਣਾ ਕਾਫਲਾ ਹੈ । ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਆਕਲੀਆ ਡਿਗਰੀ ਕਾਲਜ ਦੀ ਸਥਾਪਨਾ 2008-09 ਵਿੱਚ ਕੀਤੀ ਗਈ। ਇੱਥੇ ਹੋਰ ਵੀ ਯੂਨੀਵਰਸਿਟੀਆਂ ਅਤੇ ਬੋਰਡ ਵੱਲੋਂ ਹੋਰ ਵੀ ਕਈ ਪ੍ਰਕਾਰ ਦੇ ਕਿੱਤਾ ਮੁੱਖੀ ਕੋਰਸ ਚਲ ਰਹੇ ਹਨ, ਜਿਵੇਂ Diploma Courses (Civil, Mechanical, Computer, Electrical Trades) B.Tech (Civil, Mechanical, Computer Electrical Trades) MBA, MASTER OF COMPUTER APPLICATIONS (MCA) ਬੀ.ਬੀ.ਏ., ਪੋਸਟ ਗ੍ਰੈਜੂਏਟ ਡਿਪਲੋਮਾ ਕੋਰਸ (PGDCA) ਪੋਸਟ ਗ੍ਰੈਜੂਏਟ ਕੋਰਸਸ ਐੱਮ. ਏ. (ਪੰਜਾਬੀ, ਹਿਸਟਰੀ, ਪੋਲ ਸਾਇੰਸ) ਕੋਰਸ ਚੱਲ ਰਹੇ ਹਨ । ਇਹਨਾਂ ਦਾ ਮੁੱਖ ਮੰਤਵ ਪੇਂਡੂ ਇਲਾਕੇ ਦੀਆਂ ਵਿਦਿਅਕ ਲੋੜਾਂ ਨੂੰ ਪੂਰਾ ਕਰਨਾ ਤੇ ਬੇਰੁਜ਼ਗਾਰੀ ਦੂਰ ਕਰਨਾ ਹੈ । ਇਸ ਸੰਸਥਾ ਦਾ ਮਕਸਦ ਹੈ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣਾ ਅਤੇ ਅੱਜ ਦੇ ਟੈਕਨੋਲੋਜੀ ਦੇ ਯੁੱਗ ਵਿੱਚ ਪ੍ਰੋਫੈਸ਼ਨਲ ਵਿੱਦਿਆ ਦੇ ਕੇ ਸਮੇਂ ਦਾ ਹਾਣੀ ਬਣਾਉਣਾ ਹੈ।

ਅੱਜ ਦਾ ਨੌਜਵਾਨ ਸ਼ਕਤੀਸ਼ਾਲੀ ਹੁੰਦਾ ਹੋਇਆ ਵੀ ਬੇ-ਚੈਨ ਹੈ, ਸਹੀ ਦਿਸ਼ਾ ਰੱਖਦਾ ਹੋਇਆ ਵੀ ਕੁਰਾਹੇ ਪੈ ਰਿਹਾ ਹੈ। P.B. Shellay ਕਹਿੰਦਾ ਹੈ : "We look before and after and Pine or What is not."

ਅੱਜ ਦਾ ਨੌਜਵਾਨ ਇਹ ਨਹੀਂ ਸਮਝਦਾ ਕਿ ਵਰਤਮਾਨ ਸਭ ਤੋਂ ਜਿਆਦਾ ਸ਼ਕਤੀਸ਼ਾਲੀ ਹੈ। ਸਮਾਂ ਜਦੋਂ ਹੱਥੋ ਨਿਕਲ ਜਾਂਦਾ ਹੈ ਤਾਂ ਭੂਤ-ਕਾਲ ਤੇ ਭਵਿਖ ਦੋਵੇਂ ਹੀ ਖਤਮ ਹੋ ਜਾਂਦੇ ਹਨ । ਜਰੂਰੀ ਇਹੀ ਹੈ ਕਿ ਜਿਹੜਾ ਵੀ ਸਮਾਂ ਤੁਹਾਡੇ ਕੋਲ ਹੈ ਉਸੇ ਦਾ ਹੀ ਵੱਧ ਤੋਂ ਵੱਧ ਫਾਇਦਾ ਉਠਾਇਆ ਜਾਵੇ। ਜਿਹੜੇ ਵਿਦਿਆਰਥੀ ਮੌਕੇ ਦਾ ਫਾਇਦਾ ਉਠਾਉਂਦੇ ਹਨ, ਜਿੰਦਗੀ ਖੂਬਸੂਰਤ ਬਣਾ ਲੈਂਦੇ ਹਨ ।

ਇਸ ਸੰਸਥਾ ਵਿੱਚ ਕਿਤਾਬੀ ਗਿਆਨ ਦੇ ਨਾਲ ਨਾਲ ਖੇਡਾਂ, ਕਲਚਰ ਗਤੀਵਿਧੀਆਂ, ਵਿੱਦਿਅਕ ਤੇ ਸੱਭਿਆਚਾਰਕ ਸਰਗਰਮੀਆਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ । ਨਰੋਆ ਸਮਾਜ ਸਿਰਜਣ ਲਈ ਅਤੇ ਚੰਗੇ ਨਾਗਰਿਕ ਬਣਾਉਣ ਲਈ ਐਨ.ਐਸ.ਐਸ. ਵਿਭਾਗ ਅਤੇ ਯੂਥ ਫੈਸਟੀਵਲ ਵਿਚ ਜਾਣ ਦੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ, ਇਹ ਅਜਿਹਾ ਕੁਝ ਕਰਨ ਲਈ ਮਿਹਨਤੀ ਤੇ ਤਜ਼ਰਬੇਕਾਰ ਸਟਾਫ ਦੀ ਅਗਵਾਈ ਸਦਕਾ ਹੀ ਹੋ ਸਕਦਾ ਹੈ। ਮੈਂ ਆਸ ਕਰਦਾ ਹਾਂ ਕਿ ਇਹ ਵਿਦਿਆਰਥੀ ਦੇਸ਼ ਕੌਮ ਦੀਆਂ ਹੱਦਾਂ ਤੋਂ ਬਾਹਰ ਗਲੋਬਲ-ਮੰਡੀਕਰਨ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾ ਸਕਣਗੇ। ਕਾਲਜ ਦੇ ਵਿਦਿਆਰਥੀਆਂ ਨੂੰ ਆਪਣੇ ਚੋਣਵੇਂ-ਖੇਤਰ ਨੂੰ ਸੁਚੱਜਾ ਬਣਾਉਣ ਲਈ ਹਰੇਕ ਕਿਸਮ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ, ਕਾਲਜ ਦੇ ਚੇਅਰਮੈਨ ਵਜੋਂ ਮੈਂ ਇਹ ਦੁਆ ਕਰਦਾ ਹਾਂ ਕਿ ਤੁਸੀਂ ਵਧੀਆ ਭਵਿਖ ਦਾ ਨਿਰਮਾਣ ਕਰੋਗੇ ਅਤੇ ਕਾਮਯਾਬੀ ਤੁਹਾਡੇ ਕਦਮ ਚੁੰਮੇਗੀ ।

**ਚੇਅਰਮੈਨ**
**ਆਕਲੀਆ ਗਰੁੱਪ ਆਫ ਇੰਸਟੀਚਿਊਸ਼ਨਜ਼**



# ਸੰਦੇਸ਼

ਆਕਲੀਆ ਡਿਗਰੀ ਕਾਲਜ ਵਿੱਚ ਉੱਚ ਵਿੱਦਿਆ ਤੋਂ ਉੱਤਮ ਵਿੱਦਿਅਕ ਸੰਸਥਾ ਵਿੱਚ ਦਾਖਲਾ ਲੈਣ ਲਈ ਮੈਂ ਤੁਹਾਡਾ ਤਹਿ ਦਿਲੋਂ ਸਵਾਗਤ ਕਰਦਾ ਹਾਂ । ਸਾਲ 2008 ਵਿੱਚ ਆਕਲੀਆ ਡਿਗਰੀ ਕਾਲਜ ਆਪਣੀ ਸ਼ੁਰੂਆਤ ਤੋਂ ਹੀ ਪੰਜਾਬ ਦੇ ਮਾਲਵਾ ਖੇਤਰ ਲਈ ਸਿਖਲਾਈ ਦੀ ਇੱਕ ਸੀਟ ਵਜੋਂ ਸੇਵਾ ਨਿਭਾ ਰਿਹਾ ਹੈ ਅਤੇ ਇਹ ਕਾਲਜ ਹਰੇਕ ਖੇਤਰ ਵਿੱਚ ਬਹੁ ਭਾਂਤੀ ਪ੍ਰਾਪਤੀਆਂ ਕੀਤੀਆਂ ਹਨ, ਜਿਸਦਾ ਕਾਰਨ ਮਿਹਨਤੀ ਅਤੇ ਤਜ਼ਰਬੇਕਾਰ ਸਟਾਫ ਦਾ ਯੋਗਦਾਨ ਹੈ । ਕਾਲਜ ਉਤਮਤਾ ਦੀ ਭਾਲ ਵਿੱਚ ਆਪਣੀ ਵਚਨਬੱਧਤਾ ਲਈ ਜਾਣਿਆ ਜਾਂਦਾ ਹੈ । ਪੜ੍ਹਾਉਣ ਅਤੇ ਸਿੱਖਣ ਦਾ ਢੁਕਵਾਂ ਵਾਤਾਵਰਣ ਇਸ ਕਾਲਜ ਦਾ ਮੁੱਖ ਨਿਸ਼ਾਨਾ ਹੈ । ਅੱਜ ਦੇ ਯੁੱਗ ਵਿੱਚ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਅਤਿ ਜਰੂਰੀ ਹੈ । ਕਾਲਜ ਆਪਣੇ ਵਿਦਿਆਰਥੀਆਂ ਦੀ ਆਪਣੀ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨ ਵਿੱਚ ਸਹਾਇਤਾ ਕਰਦਾ ਹੈ ।

ਕਾਲਜ ਵਿੱਚ B.A, B.C.A, B.Com, B.B.A, PGDCA ਅਤੇ ਪੋਸਟ ਗ੍ਰੇਜੂਏਟ ਕੋਰਸ M.A, (Punjabi, History, Pol- Science) ਵਰਗੇ ਕੋਰਸ ਵੀ ਹਨ।

ਵਿਦਿਆਰਥੀਆਂ ਦੀ ਲੋੜਾਂ ਅਨੁਸਾਰ ਇਸ ਵਿੱਚ ਸਭ ਪ੍ਰਕਾਰ ਦੀ ਸੁਵਿਧਾ ਦਿੱਤੀ ਜਾਂਦੀ ਹੈ । ਕੰਪਿਊਟਰ ਲੈਬ, ਲੈਂਗੁਏਜ਼ਿਜ ਲੈਬ, ਪੁਸਤਕਾਂ ਦੇ ਭੰਡਾਰ ਨਾਲ ਭਰੀ ਹੋਈ ਲਾਇਬ੍ਰੇਰੀ, ਖੇਡਾਂ ਦਾ ਮੈਦਾਨ, ਪੀਣ ਦੇ ਪਾਣੀ ਦਾ ਪ੍ਰਬੰਧ, ਇੰਟਰਨੈੱਟ ਸੁਵਿਧਾ, ਰਿਫਰੈਸ਼ਮੈਂਟ ਲਈ ਕੰਟੀਨ ਆਦਿ ਸਾਰੀਆਂ ਸਹੂਲਤਾਂ ਉਪਲਬਧ ਹਨ । ਮੈਂ ਚਾਹੁੰਦਾ ਹਾਂ ਕਿ ਮੇਰੇ ਵਿਦਿਆਰਥੀ ਕਾਲਜ ਵਿੱਚ ਰਹਿਣ ਦੇ ਦੌਰਾਨ ਸੰਪੂਰਨ ਅਨੁਸਾਸ਼ਨ ਦੀ ਪਾਲਣਾ ਕਰਨ ।

ਕੇਵਲ ਇਮਾਰਤਾਂ ਦਾ ਸੰਗ੍ਰਿਹ ਹੀ ਵਿਦਿਅਕ ਸੰਸਥਾਵਾਂ ਨਹੀਂ ਕਹਾ ਸਕਦਾ, ਉਸ ਲਈ ਗੁਰੂ ਚੇਲੇ ਦੀ ਭਾਵਨਾ ਹੋਣੀ ਮਿਹਨਤ ਕਰਨੀ, ਦੋਹਾਂ ਰਿਸ਼ਤਿਆਂ ਦੇ ਆਪਸੀ ਸਹਿਯੋਗ ਨਾਲ ਹੀ ਵਿੱਦਿਆ ਦਾ ਅਸਲੀ ਮੰਤਵ ਪੂਰਾ ਹੋ ਸਕਦਾ ਹੈ ।

ਪ੍ਰਿੰਸੀਪਲ
ਆਕਲੀਆ ਡਿਗਰੀ ਕਾਲਜ

# ਤੱਤਕਰਾ

| ਲੜੀ ਨੰ: | ਵਿਸ਼ਾ | ਪੰਨਾ ਨੰ: |
|---|---|---|
| 1. | ਪ੍ਰਵੇਸ਼ਕਾ | 4 |
| 2. | ਦਾਖਲਾ ਫਾਰਮ ਨਾਲ ਨੱਥੀ ਦਸਤਾਵੇਜ ਅਤੇ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਸਬੰਧੀ ਜਰੂਰੀ ਹਦਾਇਤਾਂ | 5 |
| 3. | ਕਾਲਜ ਵਿੱਚ ਕਰਵਾਏ ਜਾਣ ਵਾਲੇ ਕੋਰਸ ਅਤੇ ਅਲੀਜੀਬੀਲਿਟੀ ਕਰੀਟੀਰੀਆ | 5-8 |
| 4. | Internal Quality Assurance Cell | 8 |
| 5. | ਦਾਖਲੇ ਸਬੰਧੀ ਯੂਨੀਵਰਸਿਟੀ ਵੱਲੋਂ ਜ਼ਰੂਰੀ ਅਤੇ ਜਨਰਲ ਹਦਾਇਤਾਂ | 9-10 |
| 6. | ਕਾਲਜ ਅਨੁਸ਼ਾਸ਼ਨ ਸਬੰਧੀ ਨਿਯਮ/ਚਿਤਾਵਨੀਆਂ | 11 |
| 7. | ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰ ਲਈ ਜ਼ਰੂਰੀ ਹਦਾਇਤਾਂ | 12 |
| 8. | ਵਜ਼ੀਫੇ ਸਕਾਲਰਸ਼ਿੱਪ ਅਤੇ ਹਲਫੀਆ ਬਿਆਨ | 13-15 |
| 9. | ਕਾਲਜ ਲਾਇਬ੍ਰੇਰੀ, ਰੈਡ ਕਰਾਸ ਯੂਨਿਟ | 16 |
| 10. | ਜੁਰਮਾਨੇ ਦੇ ਨਿਯਮ, ਫੀਸ ਅਦਾਇਗੀ ਦੇ ਨਿਯਮ, ਪੁਨਰ ਦਾਖਲਾ, ਛੁੱਟੀ ਬਾਰੇ ਸੂਚਨਾ | 17 |
| 11. | ਸ਼ਨਾਖਤੀ ਕਾਰਡ, ਟਿਊਟੋਰੀਅਲ ਗੁਰੱਪ ਪ੍ਰਣਾਲੀ, ਪ੍ਰੈਕਟੀਕਲ ਗੁਰੱਪ ਪ੍ਰਣਾਲੀ, ਐੱਨ.ਐੱਸ.ਐੱਸ. | 18 |
| 12. | ਘਰੇਲੂ ਪ੍ਰੀਖਿਆਵਾਂ ਸਬੰਧੀ ਨਿਯਮ, ਹਾਜ਼ਰੀਆਂ ਸਬੰਧੀ ਨਿਯਮ | 19 |

## ਸੰਪਰਕ ਨੰ:


| | |
|---|---|
| ਰਿਸੈਪਸ਼ਨ | 0164-2262631 |
| ਦਫਤਰ | 75270-05400 |
| ਅਕਾਊਂਟਸ | 95011-08147 |
| ਪ੍ਰਿੰਸੀਪਲ | 95011-08145 |
| ਅ. ਡਾਇਰੈਕਟਰ | 62397-47160 |


## ਕਾਲਜ ਵਿੱਚ ਪੜਾਏ ਜਾਣ ਵਾਲੇ ਕੋਰਸ :

| | |
|---|---|
| ਐੱਮ.ਏ.ਪੰਜਾਬੀ | ਸਮੈਸਟਰ ਪ੍ਰਣਾਲੀ |
| ਐੱਮ.ਏ.ਹਿਸਟਰੀ | ਸਮੈਸਟਰ ਪ੍ਰਣਾਲੀ |
| ਐੱਮ.ਏ. ਪੋਲੀਟਿਕਲ ਸਾਇੰਸ | ਸਮੈਸਟਰ ਪ੍ਰਣਾਲੀ |
| ਪੀ.ਜੀ.ਡੀ.ਸੀ.ਏ. | ਸਮੈਸਟਰ ਪ੍ਰਣਾਲੀ |
| ਬੀ.ਸੀ.ਏ. | ਸਮੈਸਟਰ ਪ੍ਰਣਾਲੀ |
| ਬੀ.ਬੀ.ਏ. | ਸਮੈਸਟਰ ਪ੍ਰਣਾਲੀ |
| ਬੀ.ਕੱਾਮ | ਸਮੈਸਟਰ ਪ੍ਰਣਾਲੀ |

# ਪ੍ਰਵੇਸ਼ਕਾ

"ਆਕਲੀਆ ਗਰੁੱਪ ਆਫ ਇੰਸਟੀਚਿਊਸ਼ਨਜ਼" ਉੱਤਰ ਭਾਰਤ ਦੇ ਚੋਟੀ ਦੀਆਂ ਸੰਸਥਾਵਾਂ ਵਿੱਚੋਂ ਇੱਕ ਹੈ, ਜੋ ਕਿ 2003 ਸੁਸਾਇਟੀ ਐਕਟ ਦੇ ਅੰਦਰ ਸਰਵੋਤਮ ਸਿੱਖਿਆ, ਮਿਆਰੀ ਟੀਚਰ ਐਜੂਕੇਸ਼ਨ ਅਤੇ ਸਮਾਜ ਨੂੰ ਨਰੋਆ ਬਣਾਉਣ ਦੇ ਮਨਸੂਬਿਆਂ ਨਾਲ ਸ਼ੁਰੂ ਕੀਤੀ ਗਈ । "ਆਕਲੀਆ ਕਾਲਜ ਆਫ਼ ਐਜੂਕੇਸ਼ਨ ਫਾਰ ਵੋਮੈਨ" ਸੈਸ਼ਨ 2005-06 ਵਿੱਚ ਸ਼ੁਰੂ ਕੀਤਾ ਗਿਆ। ਇਹ ਬਠਿੰਡਾ ਗੋਨਿਆਣਾ-ਜੈਤੋ ਨੈਸ਼ਨਲ ਹਾਈਵੇ ਬਠਿੰਡੇ ਤੋਂ 15 ਕਿਲੋਮੀਟਰ ਦੂਰੀ ਤੇ ਸਥਾਪਿਤ ਕੀਤਾ ਗਿਆ ।

ਇਸ ਤੋਂ ਬਾਅਦ ਸਮੇਂ ਦੀ ਲੋੜ ਅਤੇ ਆਲੇ-ਦੁਆਲੇ ਪੇਂਡੂ ਖੇਤਰ ਦੇ ਬੱਚਿਆਂ ਦੇ ਭਵਿੱਖ ਨੂੰ ਵੇਖਦੇ ਹੋਏ 2008-09 ਵਿੱਚ ਡਿਗਰੀ ਕਾਲਜ ਸ਼ੁਰੂ ਕੀਤਾ ਗਿਆ ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਤ ਹੈ । ਆਕਲੀਆ ਡਿਗਰੀ ਕਾਲਜ, ਬਠਿੰਡਾ ਪੰਜਾਬ ਦੀਆਂ ਪ੍ਰਮੁੱਖ ਸਿੱਖਿਆ ਸੰਸਥਾਵਾਂ ਵਿੱਚੋਂ ਇੱਕ ਹੈ, ਸੱਭਿਆਚਾਰਕ, ਅਕਾਦਮਿਕ, ਖੇਡਾਂ ਅਤੇ ਹੋਰ ਸਹਿ-ਵਿਦਿਅਕ ਗਤੀਵਿਧੀਆਂ ਵਿੱਚ ਇਸ ਸੰਸਥਾ ਨੇ ਕਾਫੀ ਨਾਮਣਾ ਖੱਟਿਆ ਹੈ।

ਇਸ ਤੋਂ ਇਲਾਵਾ ਸੁਸਾਇਟੀ ਵੱਲੋਂ ਕਿੱਤਾ ਮੁੱਖੀ ਸਿੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ "ਆਕਲੀਆ ਪੌਲੀਟੈਕਨਿਕ ਕਾਲਜ" ਅਤੇ "ਇੰਜੀਨੀਅਰ ਅਤੇ ਮੈਨੇਜਮੈਂਟ ਕਾਲਜ" ਵੀ ਸ਼ੁਰੂ ਕੀਤਾ ਗਿਆ । ਜਿਸਦਾ ਮਕਸਦ ਆਲੇ-ਦੁਆਲੇ ਦੇ ਪੇਂਡੂ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਬੇਰੁਜ਼ਗਾਰੀ ਨੂੰ ਦੂਰ ਕਰਨਾ ਹੈ ।

ਅੱਜ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਸਰਵ-ਗੁਣ ਸੰਪੰਨ ਬਣਾ ਕੇ ਉਨ੍ਹਾਂ ਦੇ ਸਰਵਪੱਖੀ ਚਰਿੱਤਰ-ਨਿਰਮਾਣ ਸਦਕਾ ਭਵਿੱਖ ਵਿੱਚ ਉਨ੍ਹਾਂ ਦੀ ਨਿਵੇਕਲੀ ਅਤੇ ਮੌਲਿਕ ਪਹਿਚਾਣ ਸਿਰਜਣ ਹੇਤੂ ਇਲਾਕੇ ਦੀ ਇਹ ਸਿਰਮੌਰ ਵਿਦਿਅੱਕ ਸੰਸਥਾ ਹਮੇਸ਼ਾ ਹੀ ਯਤਨਸ਼ੀਲ ਰਹੇਗੀ ।

## ਦਾਖਲੇ ਸਮੇਂ ਹੇਠ ਲਿਖੇ ਦਸਤਾਵੇਜ਼ ਫਾਰਮ ਨਾਲ ਨੱਥੀ ਕਰਨੇ ਜਰੂਰੀ ਹਨ । ਇੰਨ੍ਹਾਂ ਤੋਂ ਬਿਨਾਂ ਫਾਰਮ ਪ੍ਰਵਾਨ ਨਹੀ ਕੀਤਾ ਜਾਵੇਗਾ

1. ਪਿਛਲੀ ਪਾਸ ਕੀਤੀ ਪ੍ਰੀਖਿਆ ਦੇ ਪ੍ਰਮਾਣ ਪੱਤਰ ਦੀ ਤਸਦੀਕਸ਼ੁਦਾ ਨਕਲ ।
2. ਜਨਮ ਮਿਤੀ ਦਰਸਾਉਂਦੇ ਮੈਟ੍ਰਿਕ ਦੇ ਪ੍ਰਮਾਣ ਪੱਤਰ ਦੀ ਤਸਦੀਕਸ਼ੁਦਾ ਨਕਲ
3. ਪਿਛਲੀ ਸੰਸਥਾ ਦੇ ਮੁੱਖੀ ਵੱਲੋਂ ਚੰਗੇ ਆਚਰਨ ਸਬੰਧੀ ਪ੍ਰਮਾਣ ਪੱਤਰ ਦੀ ਅਸਲ ਅਤੇ ਤਸਦੀਕਸ਼ੁਦਾ ਨਕਲ । ਪ੍ਰਾਈਵੇਟ ਵਿਦਿਆਰਥੀ ਕਿਸੇ ਗਜ਼ਟਿਡ ਅਫਸਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਵੀ ਦੇ ਸਕਦੇ ਹਨ ।
4. ਰਿਹਾਇਸ਼ੀ ਪਤੇ ਦੇ ਸਬੂਤ ਲਈ ਅਧਾਰ ਕਾਰਡ ਨਾਲ ਨੱਥੀ ਕੀਤਾ ਜਾਵੇ।
5. ਰਾਖਵੀਂਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਆਪਣੀ ਕੈਟਾਗਿਰੀ ਦੇ ਪ੍ਰਮਾਣ ਪੱਤਰ ਦੀ ਤਸਦੀਕਸ਼ੁਦਾ ਨਕਲ ।
6. ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚੋਂ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ ਪੱਤਰ ਦੇਣਾ ਪਵੇਗਾ।
7. ਜਿਹਨਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਹੋਰ ਯੂਨੀਵਰਸਿਟੀ/ਬੋਰਡਾਂ ਤੋਂ ਪਾਸ ਕੀਤੀ ਹੈ, ਉਹਨਾਂ ਨੂੰ ਦਾਖਲੇ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਸ਼ਾਖਾ ਤੋਂ ਲੋੜੀਂਦਾ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵੱਲੋਂ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ । ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਬੋਰਡ ਆਫ ਸਕੂਲ ਐਜੂਕੇਸ਼ਨ, ਹਰਿਆਣਾ, ਹਿਮਾਚਲ ਪ੍ਰਦੇਸ਼ ਆਫ ਐਜੂਕੇਸ਼ਨ, ਸੀ.ਬੀ.ਐਸ.ਸੀ. ਬੋਰਡ ਅਤੇ ਆਈ.ਸੀ.ਐਸ.ਸੀ. ਬੋਰਡਾਂ ਤੋਂ ਪਾਸ ਕੀਤੀ ਹੈ ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਕੀਤੇ ਜਾਣ ਵਾਲੇ ਦਾਖਲੇ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਰਜਿਸਟ੍ਰੇਸ਼ਨ ਬਰਾਂਚ ਤੋਂ ਪਾਤਰਤਾ/Eligibility ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ ।

ਨੋਟ : ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗਲਤ ਬਿਆਨੀ ਕਰਕੇ ਆਪਣੇ ਸਰਟੀਫਿਕੇਟ ਦੇ ਕੇ ਕਾਲਜ ਵਿੱਚ ਦਾਖਲਾ ਲੈਂਦਾ ਹੈ ਤਾਂ ਉਸ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਸ ਵਿਦਿਆਰਥੀ ਦੀ ਫੀਸ ਵਾਪਿਸ ਨਹੀਂ ਕੀਤੀ ਜਾਵੇਗੀ ਅਤੇ ਉਸਦੇ ਵਿਰੁੱਧ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ ।

### ਵੱਖ ਵੱਖ ਸ਼੍ਰੇਣੀਆਂ ਦੇ ਦਾਖਲੇ ਸੰਬੰਧੀ ਯੋਗਤਾ ਅਤੇ ਵਿਸ਼ਿਆਂ ਦੀ ਚੋਣ

## ਬੀ.ਏ. ਭਾਗ ਪਹਿਲਾ

ਇਸ ਸ਼੍ਰੇਣੀ ਵਿਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿਹਨਾਂ ਨੇ ਪੰਜਾਬ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ ਇਹ ਦਾਖਲਾ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ ।

ਵਿਸ਼ੇ : 1 ਪੰਜਾਬੀ ਲਾਜ਼ਮੀ ਜਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ।
2. ਅੰਗਰੇਜ਼ੀ-ਕਮਿਊਨੀਕੇਸ਼ਨ ਸੱਕਿਲਜ਼ (ਲਾਜ਼ਮੀ) ।

ਉਪਰੋਕਤ ਲਾਜ਼ਮੀ ਵਿਸ਼ਿਆ ਤੋਂ ਇਲਾਵਾ ਵਿਦਿਆਰਥੀਆਂ ਨੂੰ 3 ਹੋਰ ਵਿਸ਼ੇ ਪੜਨੇ ਹੋਣਗੇ ਪਰੰਤੂ ਹੇਠਲੇ ਗਰੁੱਪਾਂ ਵਿੱਚੋਂ ਇੱਕ ਤੋਂ ਵੱਧ ਵਿਸ਼ਾ ਨਹੀਂ ਲਿਆ ਜਾ ਸਕਦਾ ।

ਗਰੁੱਪ ਨੰ: 1 ਸਰੀਰਕ ਸਿੱਖਿਆ, ਅਰਥ ਸ਼ਾਸਤਰ, ਕੰਪਿਊਟਰ

ਗਰੁੱਪ ਨੰ: 2 ਹਿਸਟਰੀ, ਗਣਿਤ, ਫਿਲੋਸਪੀ

ਗਰੁੱਪ ਨੰ: 3 ਰਾਜਨੀਤੀ ਸ਼ਾਸਤਰ

ਗਰੁੱਪ ਨੰ: 4 ਪੰਜਾਬੀ ਸਾਹਿਤ, ਹਿੰਦੀ ਸਾਹਿਤ, ਅੰਗਰੇਜ਼ੀ ਸਾਹਿਤ

ਗਰੁੱਪ ਨੰ: 5 ਜਿਓਗਰਾਫੀ, ਸੰਗੀਤ ਵੋਕਲ ਸੋਸ਼ਿਆਲੋਜੀ

## ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਜਰੂਰੀ ਹਦਾਇਤਾਂ

ਬੀ.ਏ. ਪਹਿਲੇ ਸਮੈਸਟਰ ਵਿੱਚ ਉਹੀ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿਹਨਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸ ਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ।

## ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਜਰੂਰੀ ਹਦਾਇਤਾਂ

1. ਦਾਖਲੇ ਸਮੇਂ ਜੋ ਵਿਸ਼ੇ ਵਿਦਿਆਰਥੀ ਵਲੋ ਰਖੇ ਜਾਣਗੇ ਉਹੀ ਵਿਸ਼ੇ ਵਿਦਿਆਰਥੀ ਨੂੰ ਪੜ੍ਹਨੇ ਪੈਣਗੇ ।
2. ਬੀ.ਏ. ਭਾਗ ਪਹਿਲਾ ਸਰੀਰਕ ਸਿੱਖਿਆ ਲਈ 240 ਸੀਟਾਂ ਹਨ । ਇਹ ਵਿਸ਼ਾ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤਾ ਜਾਵੇਗਾ ਜਿਹੜੇ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਟੈਸਟ ਦੇ ਆਧਾਰ ਤੇ ਚੁਣੇ ਜਾਣਗੇ । ਸਰੀਰਕ ਸਿੱਖਿਆ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਖੇਡਾਂ ਵਿੱਚ ਅਤੇ ਸਲਾਨਾ ਖੇਡ ਸਮਾਰੋਹ ਵਿੱਚ ਭਾਗ ਲੈਣਾ ਲਾਜ਼ਮੀ ਹੋਵੇਗਾ ।
3. ਇਸ ਸਮੇਂ ਕਾਲਜ ਵਿੱਚ ਫੁੱਟਬਾਲ, ਵਾਲੀਬਾਲ, ਕ੍ਰਿਕਟ, ਕਬੱਡੀ, ਬਾਸਕਟਬਾਲ, ਬੈਡਮਿੰਟਨ, ਟੇਬਲ ਟੈਨਿਸ, ਕੁਸ਼ਤੀ ਅਤੇ ਤਾਈਕਵਾਂਡੋ ਆਦਿ ਖੇਡਾਂ ਖਿਡਾਈਆਂ ਜਾਂਦੀਆਂ ਹਨ ।
4. ਬੀ.ਏ. ਭਾਗ ਪਹਿਲਾ ਵਿੱਚ ਗਣਿਤ ਵਿਸ਼ਾ ਉਹੀ ਵਿਦਿਆਰਥੀ ਲੈ ਸਕਦਾ ਹੈ, ਜਿਸਨੇ ਬਾਰਵੀਂ ਵਿੱਚ ਗਣਿਤ ਦਾ ਵਿਸ਼ਾ ਪਾਸ ਕੀਤਾ ਹੋਵੇਗਾ। ਪਾਸ ਕੀਤੀ ਹੈ, ਜਾਂ ਕੋਈ ਹੋਰ ਪ੍ਰੀਖਿਆ ਜਿਸ ਵਿੱਚ ਉਸਦੇ ਬਰਾਬਰ ਦੇ ਤੌਰ ਤੇ ਮਾਨਤਾ ਪ੍ਰਾਪਤ ਹੈ ।
5. ਗਣਿਤ ਵਿਸ਼ਾ ਲੈਣ ਵਾਲੇ ਵਿਦਿਆਰਥੀ ਨੂੰ ਰਾਜਨੀਤੀ ਸ਼ਾਸ਼ਤਰ ਦਾ ਵਿਸ਼ਾ ਲੈਣ ਦੀ ਆਗਿਆ ਨਹੀਂ ਹੈ ।
6. ਵਿਦਿਆਰਥੀ ਵੱਧ ਤੋਂ ਵੱਧ 2 ਪ੍ਰੈਕਟੀਕਲ ਵਿਸ਼ੇ ਲੈ ਸਕਦਾ ਹੈ ।
7. ਕਿਸੇ ਵਿਦਿਆਰਥੀ ਨੂੰ ਉਹ ਵਿਸ਼ਾ ਪੜ੍ਹਨ ਦੀ ਆਗਿਆ ਨਹੀਂ ਹੈ, ਜੋ ਇਸ ਕਾਲਜ ਵਿੱਚ ਪੜ੍ਹਾਇਆ ਨਹੀਂ ਜਾਂਦਾ ।
8. ਜੇਕਰ ਯੂਨੀਵਰਸਿਟੀ ਦੇ ਆਦੇਸ਼ਾਂ ਅਨੁਸਾਰ ਵਿਸ਼ਿਆਂ ਵਿੱਚ ਕੋਈ ਪਰਿਵਰਤਨ ਹੁੰਦਾ ਹੈ ਤਾਂ ਇਸ ਦੀ ਸੂਚਨਾ ਵਿਦਿਆਰਥੀ ਨੂੰ ਨੋਟਿਸ ਬੋਰਡ ਰਾਹੀਂ ਦਿੱਤੀ ਜਾਵੇਗੀ ।
9. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਦੇਸ਼ ਅਨੁਸਾਰ ਉਨ੍ਹਾਂ ਵਿਸ਼ਿਆਂ ਨੂੰ ਛੱਡ ਕੇ ਜਿੱਥੇ ਪਹਿਲਾਂ ਹੀ ਵਿਦਿਆਰਥੀਆਂ ਦੀ ਗਿਣਤੀ ਨਿਸ਼ਚਿਤ ਹੈ, ਉਥੇ ਇੱਕ ਸੈਕਸ਼ਨ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ 80 ਹੋ ਸਕਦੀ ਹੈ । ਫੈਕਲਟੀ ਮੈਂਬਰਾਂ ਦੀ ਹੋਂਦ ਨੂੰ ਧਿਆਨ ਵਿੱਚ ਰੱਖਦੇ ਹੋਏ ਹਰ ਵਿਸ਼ੇ ਵਿੱਚ ਗਿਣਤੀ ਨਿਸ਼ਚਿਤ ਕੀਤੀ ਜਾਵੇਗੀ । ਇਸ ਲਈ ਇਹ ਜਰੂਰੀ ਨਹੀਂ ਕਿ ਜਿਹੜਾ ਵਿਸ਼ਾ ਵਿਦਿਆਰਥੀ ਨੇ ਫਾਰਮ'ਚ ਭਰਿਆ ਹੈ, ਉਹ ਉਸਨੂੰ ਦਿੱਤਾ ਜਾਵੇਗਾ । ਇਹ ਵਿਸ਼ੇ ਮੈਰਿਟ ਦੇ ਆਧਾਰ ਤੇ ਹੀ ਦਿੱਤੇ ਜਾਣਗੇ । ਵਿਦਿਆਰਥੀ ਪਹਿਲਾਂ ਹੀ ਵਿਸ਼ਿਆਂ ਦੀ ਚੋਣ ਸੋਚ ਸਮਝ ਕੇ ਤਰਜੀਹ ਅਨੁਸਾਰ ਭਰਨ ।
10. ਵਿਦਿਆਰਥੀ ਲਈ ਦਾਖਲੇ ਸਮੇਂ ਅਸਲ ਸਰਟੀਫਿਕੇਟ ਲੈ ਕੇ ਆਉਣੇ ਜਰੂਰੀ ਹਨ, ਅਸਲ ਦਸਤਾਵੇਜ਼ਾਂ ਤੋਂ ਬਿਨ੍ਹਾਂ ਦਾਖਲਾ ਨਹੀਂ ਦਿੱਤਾ ਜਾਵੇਗਾ

## ਬੀ.ਸੀ.ਏ. ਭਾਗ ਪਹਿਲਾ (ਸਮੈਸਟਰ 1)

ਬੀ.ਸੀ.ਏ. ਪਹਿਲੇ ਸਮੈਸਟਰ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿਹਨਾਂ ਨੇ ਪ੍ਰਮਾਣਿਤ ਪੰਜਾਬ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਮਾਨਤਾ ਪ੍ਰਾਪਤ ਕੋਈ ਹੋਰ ਇਸ ਤਰ੍ਹਾਂ ਪਾਸ ਕੀਤੀ ਹੋਵੇ । ਇਹ ਦਾਖਲੇ ਮੈਰਿਟ ਦੇ ਅਧਾਰ ਤੇ ਕੀਤੇ ਜਾਣਗੇ ।

ਵਿਸ਼ੇ : 1. General English-1
2. Punjabi Compulsory or Mudla Gyan
3-Fundamental fo Information Technology
4-Programming Fundamental
5-Software Lab-1
6-Software Lab-2

## ਬੀ.ਸੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਜਰੂਰੀ ਹਦਾਇਤਾਂ

ਇਸ ਸ੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿਨਾ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋ ਪ੍ਰਮਾਣਿਤ ਸਕੂਲ ਸਿੱਖਿਆਂ ਬੋਰਡ ਦਾ 10+2 ਜਾਂ ਇਸ ਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਹੇਠ ਲਿਖੇ ਅਨੁਸਾਰ ਘੱਟੋ ਘੱਟ ਅੰਕ ਪ੍ਰਾਪਤ ਕਰਕੇ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਤੇ ਆਧਾਰ ਤੇ ਕੀਤਾ ਜਾਵੇਗਾ।

10+2 ਵਿੱਚੋ ਘੱਟੋ-ਘੱਟ 45% ਹੋਣ (ਜਰਨਲ)
10+2 ਵਿੱਚੋ ਘੱਟੋ-ਘੱਟ 45% ਹੋਣ (ਐਸ.ਸੀ, ਐਸ. ਟੀ.)

## ਬੀ.ਕੌਮ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਜਰੂਰੀ ਹਦਾਇਤਾਂ

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸ ਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਹੇਠ ਲਿਖੇ ਅਨੁਸਾਰ ਘੱਟੋ-ਘੱਟ ਅੰਕ ਪ੍ਰਾਪਤ ਕਰਕੇ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ।

1. 10+2 ਕਾਮਰਸ ਗਰੁੱਪ 40%
2. 10+2 ਮੈਥ, ਇਕਨਾਮਿਕਸ, ਮੈਨੇਜਮੈਂਟ ਅਕਾਊਂਟਿੰਗ ਆਦਿ ਵਿੱਚੋ ਕੋਈ ਦੋ ਵਿਸ਼ਿਆਂ ਨਾਲ। (45%)
3. 10+2 ਆਰਟਸ ਅਤੇ ਸਾਇੰਸ ਵਿਸ਼ੇ ਨਾਲ (50%)

   ਵਿਸ਼ੇ : ਅੰਗਰੇਜ਼ੀ, ਪੰਜਾਬੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਲਾਅ-1, ਪ੍ਰਿੰਸੀਪਲ ਆਫ ਇਕਨਾਮਿਕਸ-1, ਕੰਪਿਊਟਰ ਐਪਲੀਕੇਸ਼ਨ

## ਬੀ.ਬੀ.ਏ.

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸ ਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਹੇਠ ਲਿਖੇ ਅਨੁਸਾਰ ਘੱਟੋ-ਘੱਟ ਅੰਕ ਪ੍ਰਾਪਤ ਕਰਕੇ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ।

1. 10+2 Minimum of 50% Marks for (GEN/BC)
2. 10+2 Minimun of 45% Marks for (SC/ST)
3. BBA-101 Communications Skills in Punjabi/Elementary Punjabi
4. BBA-102 Business Economics-1
5. BBA-103 Business Mathematics
6. BBA-104 Business Organization and Management Principals-1
7. BBA-105 Workshop on Computer Applications
8. BBA-106 Seminar

## ਐੱਮ.ਏ. ਭਾਗ ਪਹਿਲਾ (ਰਾਜਨੀਤੀ ਸ਼ਾਸਤਰ) ਸਮੈਸਟਰ-1

ਐੱਮ.ਏ. ਭਾਗ ਪਹਿਲੇ ਦੇ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿਨ੍ਹਾਂ ਨੇ ਗ੍ਰੈਜੂਏਸ਼ਨ ਵਿੱਚ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ।

ਵਿਸ਼ੇ :-

1. Indian Political Thought
2. Western Political Thought
3. Indian Government and Politics
4. International Politics

## ਐੱਮ.ਏ. ਭਾਗ ਪਹਿਲਾ (ਪੰਜਾਬੀ) ਸਮੈਸਟਰ-1

ਐੱਮ.ਏ. ਭਾਗ ਪਹਿਲੇ ਦੇ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿਨ੍ਹਾਂ ਨੇ ਗੈਜੂਏਸ਼ਨ ਵਿੱਚ ਘੱਟੋ ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ।

ਵਿਸ਼ੇ : 1. ਪੰਜਾਬੀ ਸਾਹਿਤ ਦਾ ਇਤਿਹਾਸ 2. ਪੰਜਾਬੀ ਨਾਟਕ 3. ਸਾਹਿਤ ਆਲੋਚਨਾ ਦੇ ਸਿਧਾਂਤ 4. ਆਧੁਨਿਕ ਪੰਜਾਬੀ ਕਾਵ 5. ਪੰਜਾਬੀ ਗਲਪ

## ਐੱਮ.ਏ. ਭਾਗ ਪਹਿਲਾ (ਹਿਸਟਰੀ) ਸਮੈਸਟਰ-1

ਐੱਮ.ਏ. ਭਾਗ ਪਹਿਲੇ ਦੇ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿਨ੍ਹਾਂ ਨੇ ਗੈਜੂਏਸ਼ਨ ਵਿੱਚ ਘੱਟੋ ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ। ਇਹ ਦਾਖਲਾ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ।

ਵਿਸ਼ੇ : 1. Paper 1 (Compulsory): History of Punjab (1469-1675)

Paper 2 (Option 1): History of the World (1500-1815)-1919)

Paper 3 (Option 1): History of the World (1871-1919)

Paper 4 (Option 2): China and Japan (1830-1911)

## P.G. Diploma in Computer Application (PGDCA)

ਇਹ ਤੁਹਾਨੂੰ ਕੰਪਿਊਟਰ ਐਪਲੀਕੇਸ਼ਨਾਂ ਵਿੱਚ ਪੇਸ਼ੇਵਰ ਬਣਨ ਲਈ ਵਿਹਾਰਕ ਗਿਆਨ ਦਿੰਦਾ ਹੈ। ਕੋਰਸ ਕੰਪਿਊਟਰ ਸਾਇੰਸ ਵਿੱਚ ਤਕਨੀਕੀ ਅਤੇ ਸਹੀ ਸੰਚਾਰੀ ਕੁਸ਼ਲਤਾਵਾਂ ਦੇ ਨਾਲ ਵਿਸਤ੍ਰਿਤ ਗਿਆਨ ਦੀ ਪੇਸ਼ਕਸ਼ ਕਰਦਾ ਹੈ। ਪ੍ਰੋਗਰਾਮ ਦਾ ਉਦੇਸ਼ ਸਿਧਾਂਤ ਅਤੇ ਅਭਿਆਸ ਵਿੱਚ ਵਿਦਿਆਰਥੀ ਦੀ ਕੁਸ਼ਲਤਾ ਨੂੰ ਵਧਾਉਂਦਾ ਹੈ।

## Internal Quality Assurance Cell (IQAC)

ਦੇਸ਼ ਵਿੱਚ ਨੌਜਵਾਨਾ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਿੱਚ ਆਪਣੀ ਭੂਮਿਕਾ ਨੂੰ ਜਾਣਦਿਆਂ ਅੰਦਰੂਨੀ ਕੁਆਲਿਟੀ ਅਸ਼ੋਰੈਂਸ ਸੈੱਲ (IQAC) ਦੇ ਕੋਆਰਡੀਨੇਟਰ--------------ਦੀ ਅਗਵਾਈ ਵਿੱਚ ਧਿਆਨ ਨਾਲ ਕੰਮ ਕਰਦਾ ਹੈ। ਸੰਸਥਾ ਦੀਆਂ ਵੱਖ-ਵੱਖ ਅਕਾਦਮਿਕ ਅਤੇ ਪ੍ਰਸ਼ਾਸਕੀ ਗਤੀਵਿਧੀਆਂ ਲਈ ਗਵੱਤਾ ਦੇ ਮਾਪਦੰਡਾਂ ਅਤੇ ਮਾਪਦੰਡਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ IQAC ਦੁਆਰਾ ਕਈ ਉਪਾਅ ਅਪਣਾਏ ਗਏ ਹਨ।

ਸ਼ੀਟਾ ਦਾ ਰਾਖਵਾਂਕਰਨ / Reservation of Seats

A) According to the Punjab Government Letter No. 389 (S)-99 /7/87.c.(Edu) 3 dated 14.7.87 Seats have been reserved for various categories of Candidates as under:

| | | |
|---|---|---|
| 1. | Scheduled Castes / Schedule Tribes | 25% |
| 2. | OBC/Backward classes. | 10% |
| 3. | Defence Forces | 2% |
| 4. | Wards of Paramilitary forces / CRPF/BSF / Police | 2% |
| 5. | Sportsmen | 2% |
| 6. | Wards of Edu. Dept. Personnel | 2% |
| 7. | Handi capped | 3% |
| 8. | Terrorist affected / Internal/External Migrants | 2-% |
| 9. | Children/Grand Children of Freedom Fighters. | 2% |

B) Extra 10% seats for rural students after fulfillment of conditions

C) Students Participating in youth festivals, maximum seats reserved for them are eight at entry point, subject to approval of committee constituted by Principal of the college and according to University norms.

D) Two seats for students of Jammu & Kashmir Under supernumerary quota.

# ਦਾਖਲੇ ਸਬੰਧੀ ਯੂਨੀਵਰਸਿਟੀ ਵੱਲੋਂ ਕੁਝ ਜ਼ਰੂਰੀ ਹਦਾਇਤਾਂ

ਵੱਖ ਵੱਖ ਕੋਰਸਾਂ ਵਿੱਚ ਦਾਖਲੇ ਦੀਆਂ ਪਾਤਰਤਾ ਸ਼ਰਤਾਂ ਉਹੀ ਹਨ ਜੋ ਕਿ ਸਬੰਧਿਤ ਕੋਰਸ ਦੇ ਯੂਨੀਵਰਸਿਟੀ ਦੇ ਅਧਿਆਦੇਸ਼ਾਂ ਰਾਹੀਂ ਨਿਰਧਾਰਿਤ ਕੀਤੀਆਂ ਗਈਆਂ ਹਨ ।

1. ਜੇਕਰ ਕਿਸੇ ਵਿਦਿਆਰਥੀ ਦੀ ਬੀ।ਏ। ਭਾਗ ਪਹਿਲਾ ਵਿੱਚ ਰੀ-ਅਪੀਅਰ ਹੈ ਤਾਂ ਉਹ ਕੇਵਲ ਬੀ.ਏ. ਭਾਗ ਦੂਜਾ ਵਿੱਚ ਹੀ ਦਾਖਲਾ ਲੈ ਸਕਦਾ ਹੈ ਜਦੋਂ ਤੱਕ ਉਸਦੀ ਭਾਗ ਪਹਿਲਾ ਰੀ-ਅਪੀਅਰ ਵਿਸ਼ੇ ਦੀ ਪ੍ਰੀਖਿਆ ਕਲੀਅਰ ਨਹੀਂ ਹੋ ਜਾਂਦੀ, ਉਹ ਭਾਗ ਤੀਜੇ ਵਿੱਚ ਦਾਖਲੇ ਦੀ ਯੋਗਤਾ ਨਹੀਂ ਰੱਖਦਾ ।
2. ਜਿੰਨ੍ਹਾ ਵਿਦਿਆਰਥੀਆਂ ਦੇ ਹੇਠਲੀ ਪ੍ਰੀਖਿਆ ਹੋਰ ਯੂਨੀਵਰਸਿਟੀਆਂ-ਬੋਰਡ ਤੋਂ ਪਾਸ ਕੀਤੀਆਂ ਹਨ ਉਹਨਾਂ ਨੂੰ ਦਾਖਲੇ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਸ਼ਾਖਾ ਤੋਂ ਲੋੜੀਂਦਾ ਪਾਤਰਤਾ ਸਰਟੀਫਿਕੇਟ (Eligibility Certfiicate) ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵੱਲੋਂ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸੀ.ਬੀ.ਐਸ.ਈ. ਅਤੇ ਆਈ. ਸੀ. ਐਸ. ਸੀ. ਦੀ ਬੋਰਡ ਤੋਂ ਪਾਸ ਵਿਦਿਆਰਥੀਆਂ ਨੂੰ ਇਸ ਸਰਟੀਫਿਕੇਟ ਦੀ ਲੋੜ ਨਹੀਂ ।
3. ਨਿਯਮਾਂ ਅਨੁਸਾਰ ਪੁਨਰਮੁਲਾਂਕਣ ਉਪਰੰਤ ਲੇਟ ਦਾਖਲੇ ਦੀ ਸੁਵਿਧਾ ਹੈ, ਸ਼ਰਤ ਇਹ ਹੈ ਕਿ ਸੀਟਾਂ ਖਾਲੀ ਹੋਣ ।
4. ਜਿਹੜੇ ਵਿਦਿਆਰਥੀ ਬੀ.ਏ./ਬੀ.ਸੀ.ਏ/ਬੀ.ਕਾਮ ਭਾਗ ਪਹਿਲਾ ਅਤੇ ਦੂਜੇ ਦੀ ਪ੍ਰੀਖਿਆ ਬਾਹਰਲੀਆਂ ਯੂਨੀਵਰਸਿਟੀ ਤੋਂ ਪਾਸ ਕਰਕੇ ਇਸ ਯੂਨੀਵਰਸਿਟੀ ਵਿੱਚ ਦਾਖਲਾ ਲੈਂਦੇ ਹਨ, ਉਨ੍ਹਾਂ ਦੇ ਬਣਦੇ ਡੈਫਿਸਟ ਪਰਚੇ ਦੇ ਕੇਸ ਯੂਨੀਵਰਸਿਟੀ ਵੱਲੋਂ ਦਿੱਤੀ ਗਈ ਤਾਰੀਖ ਅਨੁਸਾਰ ਬਿਨ੍ਹਾਂ ਲੇਟ ਫੀਸ ਅਤੇ ਉਸ ਤੋਂ ਬਾਅਦ ਬਣਦੀ ਲੇਟ ਫੀਸ ਡੀਨ, ਕਾਲਜ਼ ਵਿਭਾਗ ਕੌਂਸ਼ਲ ਦੇ ਦਫਤਰ ਯੂਨਿਵਰਸਿਟੀ ਦੇ ਦਫਤਰ ਪਹੁੰਚ ਕੇ ਕੀਤੇ ਜਾਣਗੇ ।
5. ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਅਤੇ ਫੰਡਾਂ ਸੰਬਧੀ ਨਿਯਮਾਂ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬ ਸਰਕਾਰ ਵੱਲੋਂ ਸਮੇਂ ਸਿਰ ਕੀਤੀਆਂ ਤਬਦੀਲੀਆਂ ਲਾਗੂ ਹੋਣਗੀਆਂ।
6. ਕਿਸੇ ਹੋਰ ਯੂਨੀਵਰਸਿਟੀ ਬੋਰਡ ਵਿੱਚੋ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ ਪੱਤਰ ਦੇਣਾ ਹੋਵੇਗਾ।
7. ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰ: 3681-3826-ਕਾਲਜ/ਸ-4 ਮਿਤੀ : 18-04-2012 ਅਨੁਸਾਰ ਬੋਰਡ ਆਫ ਹਾਇਰ ਸੈਕੰਡਰੀ ਐਜੂਕੇਸ਼ਨ, ਦਿੱਲੀ ਤੋਂ 10+2 ਪਾਸ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ ।
8. ਸ਼ੈਸ਼ਨ 2022-23 ਤੋਂ 10+2 ਵਿਚੋਂ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀਆ ਨੂੰ ਕਿਸੇ ਵੀ ਕਲਾਸ ਵਿੱਚ ਦਾਖਲੇ ਦੀ ਸੁਵਿਧਾ ਨਹੀਂ ਹੋਵੇਗੀ ਪਰੰਤੂ ਨਿਰਧਾਰਤ ਸਿੱਖਿਆ ਬੋਰਡ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਯੋਗਤਾ ਅਨੁਸਾਰ ਦਾਖਲਾ ਦਿੱਤਾ ਜਾ ਸਕਦਾ ਹੈ । ਪਰੰਤੂ ਇਸ ਦੀ ਪ੍ਰਵਾਨਗੀ ਨਿਰਧਾਰਤ ਸਿੱਖਿਆ ਅਨੁਸਾਰ ਸਬੰਧਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੋਵੇਗੀ

## ਜਰੂਰੀ ਨੋਟ

1. ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦੇ ਵਿਸ਼ੇ ਬਾਰੇ ।
   ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਪੱਤਰ ਨੰ: 3969-4217/ਕਾਲਜ-ਜੀ ਸੀ 6 ਮਿਤੀ : 19-3-2019
   ਪੰਜਾਬ ਹਿਸਟਰੀ ਐਂਡ ਕਲਚਰ ਦਾ ਵਿਸ਼ਾ ਖਤਮ ਕਰ ਦਿੱਤਾ ਗਿਆ ਹੈ ਅਤੇ ਹੁਣ ਵਿਦਿਆਰਥੀ ਹੇਠ ਲਿਖੀਆਂ ਹਾਲਤਾਂ ਵਿੱਚ ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਹੀ ਪੜ੍ਹ ਸਕਦੇ ਹਨ ਅਤੇ ਅਜਿਹੇ ਵਿਦਿਆਰਥੀਆਂ ਦੇ ਕੇਸ ਦਾਖਲੇ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਦਸਤਾਵੇਜ਼ਾਂ ਸਹਿਤ ਯੂਨੀਵਰਸਿਟੀ ਨੂੰ ਪ੍ਰਵਾਨਗੀ ਹਿੱਤ ਭੇਜੇ ਜਾਣ :-
2. ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਕਲਾਸ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ । ਡਿਫੈਂਸ ਪਰਸੋਨਲ/ਪੈਰਾ ਮਿਲਟਰੀ ਪਰਸੋਨਲ (ਸੇਵਾ-ਮੁਕਤ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ) ਗਿਆਨ ਦਾ ਵਿਸ਼ਾ ਪੜ੍ਹ ਸਕਦੇ ਹਨ । ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਜਾਂ ਮਾਤਾ ਜਾਂ ਗਾਰਡੀਅਨ ਵੀ ਸਵੈ ਘੋਸ਼ਣਾ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ ।

# ਦਾਖਲੇ ਸਬੰਧੀ ਜਨਰਲ ਤੇ ਜਰੂਰੀ ਹਦਾਇਤਾਂ

1. ਵਿਦਿਆਰਥੀਆਂ ਨੂੰ ਖੁਦ ਦਾਖਲਾ ਕਮੇਟੀ ਦੇ ਸਾਹਮਣੇ ਮਿੱਥੀ ਹੋਈ ਮਿਤੀ ਨੂੰ ਅਸਲ ਸਰਟੀਫਿਕੇਟ ਲੈ ਕੇ ਇੰਟਰਵਿਊ ਲਈ ਹਾਜ਼ਰ ਹੋਣਾ ਪਵੇਗਾ ।
2. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਫਾਰਮ ਵਿੱਚ ਲੜਕੇ ਅਤੇ ਲੜਕੀਆਂ ਲਈ 4 ਪਾਸਪੋਰਟ ਸਾਈਜ਼ ਦੀਆਂ ਫੋਟੋਆਂ ਲਗਾਉਣਾ ਜਰੂਰੀ ਹੈ ।
3. ਅਧੂਰਾ ਫਾਰਮ ਜਾਂ ਨਿਸ਼ਚਿਤ ਮਿਤੀ ਤੋਂ ਬਾਅਦ ਦਾਖਲਾ ਪ੍ਰਾਪਤ ਨਹੀਂ ਕੀਤਾ ਜਾਵੇਗਾ ।
4. ਯੂਨੀਵਰਸਿਟੀ-ਬੋਰਡ ਪ੍ਰੀਖਿਆ ਵਿੱਚ ਫੇਲ ਹੋਏ। ਰਿਵਰਸ ਹੋਏ ਵਿਦਿਆਰਥੀਆਂ, ਪ੍ਰੀਖਿਆ ਵਿੱਚ ਗੈਰ-ਹਾਜ਼ਰ, ਪ੍ਰੀਖਿਆ ਵਿਚ ਪਰਚੇ ਛੱਡ ਜਾਣ ਵਾਲੇ, ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਅਤੇ ਯੂਨੀਵਰਸਿਟੀ ਵੱਲੋਂ ਲਗਾਈਆਂ ਕੰਡੀਸ਼ਨਾਂ ਨਾ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
5. ਕਾਲਜ ਵਿੱਚ ਪਹਿਲਾਂ ਪੜ੍ਹਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ (ਭਾਗ ਦੂਜਾ ਜਾਂ ਤੀਜਾ) ਵਿੱਚ ਦਾਖਲਾ, ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਪਹਿਲ ਦੇ ਅਧਾਰ ਤੇ ਹੀ ਦਿੱਤਾ ਜਾਵੇਗਾ ।
6. ਸੀਟਾਂ ਭਰ ਜਾਣ ਉਪਰੰਤ ਲੇਟ ਆਏ ਉਮੀਦਵਾਰਾਂ ਦਾ ਦਾਖਲੇ ਲਈ ਜਤਲਾਇਆ ਕੋਈ ਵੀ ਹੱਕ ਨਹੀਂ ਮੰਨਿਆ ਜਾ ਸਕੇਗਾ ਭਾਂਵੇ ਉਸਦੀ ਮੈਰਿਟ ਪਹਿਲਾਂ ਦਾਖਲ ਹੋਏ ਵਿਦਿਆਰਥੀਆਂ ਨਾਲ ਵਧੇਰੇ ਹੀ ਕਿਉਂ ਨਾ ਹੋਵੇ ।
7. ਬੀ.ਏ. (ਭਾਗ ਦੂਜਾ-ਤੀਜਾ) ਦਾ ਦਾਖਲਾ ਪਿਛਲਾ ਨਤੀਜਾ ਘੋਸਿਤ ਹੋਣ ਉਪਰੰਤ 10 ਕੰਮਕਾਜੀ ਦਿਨਾਂ ਦੇ ਅੰਦਰ ਅੰਦਰ ਹੋਵੇਗਾ।
8. ਸਰੀਰਕ ਸਿੱਖਿਆ ਦਾ ਵਿਸ਼ਾ ਦਾਖਲ ਹੋਏ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਮਿਲੇਗਾ ਜੋ ਸਰੀਰਕ ਸਿੱਖਿਆ ਟੈਸਟ ਵਿੱਚ ਯੋਗ ਪਾਏ ਜਾਣਗੇ ।
9. ਇੱਕ ਵਿਸ਼ੇ ਦੀਆਂ ਸੀਟਾਂ ਪੂਰੀਆਂ ਹੋ ਜਾਣ ਤੇ ਉਸ ਵਿਸ਼ੇ ਦੀ ਥਾਂ ਦੂਜਾ ਵਿਸ਼ਾ ਲੈਣ ਤੇ ਹੀ ਦਾਖਲਾ ਮਿਲ ਸਕੇਗਾ । ਬਾਅਦ ਵਿੱਚ ਅਜਿਹਾ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਦਾ ਵਿਸ਼ਾ ਬਦਲਿਆ ਨਹੀਂ ਜਾਵੇਗਾ ।
10. ਵਿਦਿਆਰਥੀਆਂ ਨੂੰ ਫੀਸ ਦਾਖਲਾ ਕਮੇਟੀ ਦੇ ਫੈਸਲੇ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣੀ ਪਵੇਗੀ । ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਫੀਸ ਲੋੜ ਅਨੁਸਾਰ ਹੀ ਲੈ ਕੇ ਆਉਣ । ਸਮੇਂ ਸਿਰ ਫੀਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਉਸਦੀ ਸੀਟ ਵੇਟਿੰਗ ਲਿਸਟ ਵਾਲੇ ਵਿਦਿਆਰਥੀ ਨੂੰ ਦਿੱਤੀ ਜਾਵੇਗੀ ।
11. Entry Level ਕਲਾਸਾ ਦਾ ਦਾਖਲਾ (B.A.-1, B. Com-1, BCA-1, PGDCA, MA Punjabi, MA Political Science, MAHistory) State Level Online Portal ਤੇ ਹੋਵੇਗਾ।
12. ਵਿਦਿਆਰਥੀਆਂ ਨੇ STATE LEVEL ONLINE PORTAL ਤੇ ਫਾਰਮ ਭਰਨੇ ਹਨ ਅਤੇ College Preference ਦੇ ਹਿਸਾਬ ਨਾਲ ਵਿਦਿਆਰਥੀ ਨੂੰ College ਅਲਾਟ ਹੋਵੇਗਾ।
13. ਵਿਦਿਆਰਥੀ ਦਾ ਨਤੀਜਾ ਬਾਕੀਆਂ ਨਾਲੋਂ ਦੇਰ ਨਾਲ ਘੋਸਿਤ ਹੁੰਦਾ ਹੈ, ਉਹ ਨਤੀਜਾ ਕਾਰਡ ਤੇ ਛਪੀ ਤਾਰੀਖ ਤੋਂ 10 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ ਕਾਲਜ ਵਿੱਚ ਦਾਖਲਾ ਪ੍ਰਾਪਤ ਕਰ ਸਕਦਾ ਹੈ, ਪਰ ਉਹ ਬਾਕੀ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।
14. ਹਰ ਦਾਖਲ ਹੋ ਚੁੱਕੇ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਅਤੇ ਅਨੁਸ਼ਾਸ਼ਨ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ । ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਪ੍ਰਿੰਸੀਪਲ ਵੱਲੋਂ ਕਿਸੇ ਵੀ ਸਮੇਂ ਖਾਰਿਜ ਕੀਤਾ ਜਾ ਸਕਦਾ
15. ਐੱਮ.ਏ. ਭਾਗ ਪਹਿਲਾ, ਬੀ.ਸੀ.ਏ, ਬੀ-ਕੱਮ, ਬੀ.ਬੀ.ਏ ਭਾਗ ਪਹਿਲਾ ਵਿੱਚ ਜੇਕਰ ਸੀਟਾਂ ਖਾਲੀ ਰਹਿ ਜਾਣ ਤਾਂ ਇੱਕ ਸਾਲ ਦੇ ਗੈਪ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਦੇ ਆਧਾਰ ਤੇ ਦਾਖਲਾ ਦਿੱਤਾ ਜਾ ਸਕਦਾ ਹੈ ।
16. ਕਾਲਜ ਦੀ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਦਾਖਲੇ ਜਾਂ ਮੁੜ-ਦਾਖਲੇ ਤੋਂ ਨਾਂਹ ਕੀਤੀ ਜਾ ਸਕਦੀ ਹੈ ਅਤੇ ਕਿਸੇ ਵੀ ਗੁੰਝਲਦਾਰ ਕੇਸ ਵਿੱਚ ਪ੍ਰਿੰਸੀਪਲ ਸਾਹਿਬ ਦਾ ਫੈਸਲਾ ਅੰਤਿਮ ਹੋਵੇਗਾ ।
17. ਸਾਰੀਆਂ ਐਂਟਰੀ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਤੇ ਸੀਟਾਂ ਦੀ ਗਿਣਤੀ ਅਨੁਸਾਰ ਕੀਤਾ ਜਾਵੇਗਾ ।
18. ਹਰ ਦਾਖਲਾ ਲੈਣ ਵਾਲੇ ਉਮੀਦਵਾਰ ਨੂੰ ਚਾਹੀਦਾ ਹੈ ਕਿ ਉਹ ਆਪਣਾ ਦਾਖਲਾ ਫਾਰਮ ਦੱਸੇ ਗਏ ਸਬੰਧਿਤ ਕਰਮਚਾਰੀ ਕੋਲ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਕਰਵਾ ਕੇ ਰਸੀਦ ਲਵੇ । ਇਸ ਮਿਤੀ ਤੋਂ ਬਾਅਦ ਕੋਈ ਫਾਰਮ ਨਹੀਂ ਲਿਆ ਜਾਵੇਗਾ ।
19. ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਦਿਆਰਥੀ ਸੈਸ਼ਨ ਸ਼ੁਰੂ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਰੂਪ ਪਰਿਵਰਤਨ (ਕਾਮਰਸ/ਸਾਇੰਸ) ਵਿੱਚ ਪਰਿਵਰਤਨ ਨਹੀਂ ਕੀਤਾ ਜਾ ਸਕਦਾ । ਇਸ ਤੋਂ ਬਿਨਾਂ ਦਾਖਲ ਸਮੇਂ ਲਏ ਵਿਸ਼ੇ ਬਦਲਣ ਦੀ ਆਗਿਆ ਨਹੀਂ ਹੈ । ਕੇਵਲ ਪ੍ਰਿੰਸੀਪਲ ਦੀ ਪੂਰਵ ਪ੍ਰਵਾਨਗੀ ਨਾਲ ਖਾਲੀ ਸੀਟ ਹੋਣੋ ਤੇ 21 ਦਿਨਾਂ ਦੇ ਅੰਦਰ-ਅੰਦਰ ਵਿਸ਼ਾ ਬਦਲਣ ਲਈ 100 ਰੁਪਏ ਫੀਸ ਭਰਨੀ ਪਵੇਗੀ ।
20. ਦਾਖਲੇ ਸਬੰਧੀ ਕੋਈ ਸੂਚਨਾ ਕਾਲਜ ਦਫਤਰ ਆ ਕੇ ਪ੍ਰਾਪਤ ਕੀਤੀ ਜਾਵੇ ।
21. ਕਿਸੇ ਕਲਾਸ ਵਿੱਚ ਦਾਖਲ ਹੋਇਆ ਵਿਦਿਆਰਥੀ, ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖਲ ਨਹੀਂ ਹੋ ਸਕਦਾ ਅਤੇ ਨਾ ਹੀ ਕਿਤੇ ਨੌਕਰੀ ਕਰ ਸਕਦਾ ਹੈ । ਅਜਿਹਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ ।
22. ਵਿਦਿਆਰਥੀ ਵੱਲੋਂ ਦਾਖਲੇ ਸਮੇਂ ਜਮ੍ਹਾਂ ਕਰਵਾਈ ਫੀਸ ਕਿਸੇ ਵੀ ਹਾਲਤ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ ।
23. ਵਿਦਿਆਰਥੀ ਆਪਣੀ ਇੱਛਾ ਮੁਤਾਬਿਕ University/Board ਦੇ ਨਿਯਮਾਂ ਅਨੁਸਾਰ ਆਪਣੀ Refundable Security ਨਹੀਂ ਦੇਣਾ ਚਾਹੁੰਦਾ ਤਾਂ ਉਸ ਦੇ ਬਦਲੇ ਵਿੱਚ ਆਪਣੇ Original Document ਵੀ ਦੇ ਸਕਦਾ ਹੈ।
24. ਵਿਦਿਆਰਥੀ/ਮਾਪੇ ਜਾਂ ਉਹਨਾਂ ਤੋਂ ਇਲਾਵਾ ਕਿਸੇ ਨੂੰ ਵੀ ਕਿਸੇ ਤਰਾਂ ਦੀ ਮੁਸ਼ਕਿਲ ਆਉਣ ਤੇ ਆਪਣੀ ਸ਼ਿਕਾਇਤ ਮੁਸ਼ਕਿਲ ਸੁਝਾਅ ਕੰਪਲੇਟ ਬਾਕਸ ਵਿੱਚ ਪਾ ਸਕਦੇ ਹਨ। ਸਬੰਧਤ ਪ੍ਰਿੰਸੀਪਲ ਨੂੰ ਲਿਖ ਸਕਦੇ ਹਨ । ਮੁਸ਼ਕਿਲ ਹੱਲ ਨਾ ਹੋਣ ਦੀ ਸੂਰਤ ਵਿੱਚ Additional Director ਨੂੰ ਲਿਖਿਆ ਜਾ ਸਕਦਾ ਹੈ ਜੇ ਮੁਸ਼ਕਿਲ ਫਿਰ ਵੀ ਸਹੀ ਹੱਲ ਨਹੀਂ ਹੁੰਦੀ ਤਾਂ ਤੁਸੀਂ ਆਪਣੀ ਮੁਸ਼ਕਿਲ ਸ਼ਿਕਾਇਤ ਸੁਝਾਅ 95011-08141 ਤੇ Whatsapp ਕਰ ਸਕਦੇ ਹੋ ਸੰਸਥਾ ਤੁਹਾਡੀ ਮੁਸ਼ਕਿਲ ਦੇ ਹੱਲ ਲਈ ਤੱਤਪਰ ਹੈ।

# ਕਾਲਜ ਅਨੁਸ਼ਾਸ਼ਨ ਸਬੰਧੀ ਨਿਯਮ ਚਿਤਾਵਨੀਆਂ

1. ਕਾਲਜ ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਦਾ ਪਾਲਣਾ ਕਰਨਾ ਜਰੂਰੀ ਹੈ। ਅਨੁਸ਼ਾਸ਼ਨ ਭੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਪ੍ਰਿੰਸੀਪਲ ਨੂੰ ਅਨੁਸ਼ਾਸ਼ਨੀ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੈ।
2. ਪ੍ਰਿੰਸੀਪਲ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਵਿੱਚ ਕਿਸੇ ਵੀ ਸੰਗਠਨ ਵੱਲੋ ਪੋਸਟਰ ਲਗਾਉਣਾਂ ਜਾਂ ਕੋਈ ਵੀ ਮੀਟਿੰਗ ਕਰਨਾ ਸਖਤ ਮਨ੍ਹਾਂ ਹੈ । ਬਿਨ੍ਹਾਂ ਆਗਿਆ ਕਿਸੇ ਵੀ ਬਾਹਰਲੇ ਵਿਅਕਤੀ ਦੁਆਰਾ ਕਾਲਜ ਵਿੱਚ ਕੋਈ ਮੀਟਿੰਗ ਨਹੀ ਕੀਤੀ ਜਾ ਸਕਦੀ ਅਜਿਹਾ ਕਰਨ ਵਾਲੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।
3. ਬਾਹਰਲੇ ਕਿਸੇ ਵਿਅਕਤੀ ਜਾਂ ਵਿਦਿਆਰਥੀ ਨੂੰ ਕਾਲਜ ਵਿੱਚ ਨਾਲ ਲੈ ਕੇ ਆਉਣਾ ਸਖਤ ਮਨ੍ਹਾਂ ਹੈ ਜਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਲੋਕਲ ਨਹੀਂ ਰਹਿੰਦੇ ਉਨਾਂ ਦੇ ਗਾਰਡੀਅਨ ਜਿੰਮੇਵਾਰ ਵਿਅਕਤੀ ਹੋਣ ਨਾ ਕਿ ਉਹਨਾਂ ਦੇ ਛੋਟੇ ਭੈਣ-ਭਰਾ ਜਾਂ ਮਿੱਤਰ।
4. ਰੋਜ਼ਾਨਾ ਹਾਜ਼ਰੀ ਤੋਂ ਭਾਵ ਟਾਈਮ-ਟੇਬਲ ਅਨੁਸਾਰ ਦਿਨ ਦੇ ਸਾਰੇ ਪੀਰੀਅਡਾਂ ਦੀ ਹਾਜ਼ਰੀ ਲਾਜ਼ਮੀ ਹੈ। ਕਿਸੇ ਵਿਸੇਸ਼ ਮੌਕੇ ਲਈ ਗੈਰ ਹਾਜ਼ਰ ਵਿਦਿਆਰਥੀ ਨਿਯਮਾ ਅਨੁਸਾਰ ਜੁਰਮਾਨਾ ਭਰਨਗੇ ।
5. ਵਿਦਿਅਕ ਅਤੇ ਸੱਭਿਆਚਾਰਕ ਵਿਸ਼ਿਆਂ ਆਦਿ ਉਤੇ ਪ੍ਰਿੰਸੀਪਲ, ਅਧਿਆਪਕ ਜਾਂ ਪ੍ਰਸਿੱਧ ਵਿਅਕਤੀਆਂ ਵੱਲੋਂ ਦਿੱਤੇ ਜਾਂਦੇ ਵਿਸ਼ੇਸ਼ ਭਾਸ਼ਣਾ ਵਿੱਚ ਵਿਦਿਆਰਥੀਆਂ ਦਾ ਹਾਜ਼ਰ ਹੋਣਾ ਜਰੂਰੀ ਹੈ।
6. ਵਿਦਿਆਰਥੀਆਂ ਲਈ ਪ੍ਰਵਾਨਤ ਪਾਰਕਾਂ ਜਾਂ ਸਥਾਨਾਂ ਤੇ ਹੀ ਰਹਿਣਾ ਜਰੂਰੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜ਼ੁਰਮਾਨਾ ਕੀਤਾ ਜਾਵੇਗਾ।
7. ਪ੍ਰਿੰਸੀਪਲ ਸਾਹਿਬ ਪਾਸ ਸਾਰੀਆਂ ਅਰਜ਼ੀਆਂ ਪੰਜਾਬੀ ਭਾਸ਼ਾ ਵਿੱਚ ਦਿੱਤੀਆਂ ਜਾਣੀਆਂ ਜਰੂਰੀ ਹਨ।
8. ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਕਾਲਜ ਕੈਂਪਸ ਨੂੰ ਸਾਫ-ਸੁਥਰਾ ਰੱਖਣ। ਕਿਤੇ ਵੀ ਕੁਝ ਲਿਖਣਾ, ਨਿਸ਼ਾਨ ਲਗਾਉਣਾ ਜਾਂ ਇਸ਼ਤਿਹਾਰ ਲਗਾਉਣੇ ਸਖਤ ਮਨ੍ਹਾਂ ਹੈ। ਪਾਰਕਾਂ ਵਿੱਚੋਂ ਫੁੱਲ-ਬੂਟੇ ਤੋੜਨਾਂ ਮਨ੍ਹਾ ਹੈ ਅਤੇ ਕਾਲਜ ਕੈਂਪਸ ਨੂੰ ਖਰਾਬ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰੀ ਜ਼ੁਰਕਾਨਾ ਹੋਵੇਗਾ।
9. ਕਾਲਜ ਜਾਇਦਾਦ ਜਿਵੇਂ ਕਿ ਡੈਸਕ, ਕੁਰਸੀਆਂ ਬੈਂਚ, ਖਿੜਕੀਆਂ ਦੇ ਸ਼ੀਸ਼ੇ, ਪੱਖੇ, ਬਲੈਕ-ਬੋਰਡ ਆਦਿ ਤੋੜਨ ਵਾਲੇ ਨੂੰ ਖਰਾਬ ਵਸਤੂ ਖਰੀਦ ਕੇ ਦੇਣੀ ਪਵੇਗੀ ਅਤੇ ਸਪੈਸ਼ਲ ਜ਼ੁਰਮਾਨਾ ਵੀ ਹੋਗੇਗਾ।
10. ਪ੍ਰਿੰਸੀਪਲ ਸਾਹਿਬ ਪਾਸ ਯੋਗ ਢੰਗ ਨਾਲ ਆਪਣੀਆਂ ਮੁਸ਼ਕਲਾਂ ਦੱਸਣ ਦੀ ਵਿਦਿਆਰਥੀਆਂ ਨੂੰ ਖੁੱਲ੍ਹ ਹੈ। ਵਿਦਿਆਰਥੀ ਡੀਨ ਸਟੂਡੈਂਟ ਵੈਲਫੇਅਰ ਨਾਲ ਵੀ ਆਪਣੀ ਮੁਸ਼ਕਲਾਂ ਸਬੰਧੀ ਸੰਪਰਕ ਕਰ ਸਕਦੇ ਹਨ।
11. ਕਾਲਜ ਵਿੱਚ ਦਾਖਲ ਹੋਣ ਸਮੇਂ ਹਰ ਵਿਦਿਆਰਥੀ ਲਈ ਸ਼ਨਾਖਤੀ ਕਾਰਡ ਆਪਣੇ ਕੋਲ ਰੱਖਣਾ ਜਰੂਰੀ ਹੈ ਇਸ ਤੋਂ ਬਿਨ੍ਹਾਂ ਕਾਲਜ ਵਿੱਚ ਦਾਖਲ ਹੋਣਾ ਮਨ੍ਹਾਂ ਹੈ, ਇਹ ਸ਼ਨਾਖਤੀ ਕਾਰਡ ਕਾਲਜ ਦੇ ਜਿੰਮੇਵਾਰ ਅਧਿਕਾਰੀ ਦੇ ਪੁੱਛਣ ਤੇ ਦਿਖਾਉਣਾ ਜਰੂਰੀ ਹੈ।

11. ਕਾਲਜ ਵਿੱਚ ਦਾਖਲ ਹੋਣ ਸਮੇਂ ਹਰ ਵਿਦਿਆਰਥੀ ਲਈ ਸ਼ਨਾਖਤੀ ਕਾਰਡ ਆਪਣੇ ਕੋਲ ਰੱਖਣਾ ਜਰੂਰੀ ਹੈ ਇਸ ਤੋਂ ਬਿਨ੍ਹਾਂ ਕਾਲਜ ਵਿੱਚ ਦਾਖਲ ਹੋਣਾ ਮਨ੍ਹਾਂ ਹੈ, ਇਹ ਸ਼ਨਾਖਤੀ ਕਾਰਡ ਕਾਲਜ ਦੇ ਜਿੰਮੇਵਾਰ ਅਧਿਕਾਰੀ ਦੇ ਪੁੱਛਣ ਤੇ ਦਿਖਾਉਣਾ ਜਰੂਰੀ ਹੈ ।

12. ਕਾਲਜ ਕੈਂਪਸ ਵਿੱਚ ਸਿਗਰਟ, ਸ਼ਰਾਬ ਪੀਣਾ ਜਾਂ ਕਿਸੇ ਹੋਰ ਤਰ੍ਹਾਂ ਦੇ ਨਸ਼ੇ ਦਾ ਸੇਵਨ ਕਰਨਾ, ਤਾਸ਼ ਅਤੇ ਜੂਆ ਖੇਡਣ ਦੀ ਸਖਤ ਮਨਾਹੀ ਹੈ । ਅਜਿਹਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖਤ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ।
13. ਕਾਲਜ ਵਿੱਚ ਰੈਗਿੰਗ ਕਰਨ ਦੀ ਸਖਤ ਮਨਾਹੀ ਹੈ । ਕਾਲਜ ਵਿੱਚ ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਸਖਤ ਕਾਨੂੰਨੀ ਅਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ ।
14. ਕਾਲਜ ਵਿੱਚ ਮੋਬਾਇਲ ਫੋਨ ਲਿਆਉਣ ਤੇ ਸਖਤ ਮਨਾਹੀ ਹੈ । ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਜ਼ੁਰਮਾਨਾ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਮੋਬਾਇਲ ਫੋਨ ਵੀ ਜ਼ਬਤ ਕੀਤਾ ਜਾ ਸਕਦਾ ਹੈ ।
15. ਕਾਲਜ ਵਿੱਚ ਪਟਕਾ ਬੰਨ੍ਹ ਕੇ ਆਉਣ ਦੀ ਮਨਾਹੀ ਹੈ । ਜਿਹੜਾ ਵਿਅਕਤੀ ਅਜਿਹੇ ਪਹਿਰਾਵੇ ਵਿੱਚ ਪਾਇਆ ਗਿਆ ਉਸਨੂੰ ਅਨੁਸ਼ਾਸ਼ਨੀ ਕਾਰਵਾਈ ਅਧੀਨ ਜ਼ੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਦੂਸਰੀ ਵਾਰ ਅਜਿਹਾ ਕਰਨ ਤੇ ਕਾਲਜ ਵਿੱਚੋਂ ਸਸਪੈਂਡ ਕੀਤਾ ਜਾ ਸਕਦਾ ਹੈ ।
16. ਸਾਈਕਲ, ਸਕੂਟਰ, ਮੋਟਰਸਾਇਕਲ ਨਿਸ਼ਚਿਤ ਸਾਈਕਲ ਸਟੈਂਡ ਤੇ ਹੀ ਖੜ੍ਹੇ ਕੀਤਾ ਜਾਣ । ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ ਜ਼ੁਰਮਾਨਾ ਕੀਤਾ ਜਾਵੇਗਾ ।
17. ਖੇਡ ਦੇ ਮੈਦਾਨ ਵਿੱਚ ਕੋਈ ਵੀ ਵਹੀਕਲ ਚਲਾਉਣਾ ਜਾਂ ਖੜ੍ਹਾ ਕਰਨਾ ਮਨ੍ਹਾ ਹੈ ।
18. ਕਾਲਜ ਪ੍ਰਤੀ ਕਿਸੇ ਕਿਸਮ ਦਾ ਸੁਝਾਅ ਜਾਂ ਸ਼ਿਕਾਇਤ ਪ੍ਰਿੰਸੀਪਲ ਦਫਤਰ ਦੇ ਬਾਹਰ ਲੱਗੇ ਸੁਝਾਅ ਬਕਸੇ ਵਿੱਚ ਲਿਖਤੀ ਰੂਪ ਵਿੱਚ ਕੀਤੀ ਜਾ ਸਕਦੀ ਹੈ । ਇਹ ਬਕਸਾ ਕੇਵਲ ਪ੍ਰਿੰਸੀਪਲ ਸਾਹਿਬ ਵੱਲੋਂ ਹਰ ਹਫਤੇ ਖੋਲਿਆ ਜਾਂਦਾ ਹੈ ।
19. ਕਿਸੇ ਵਿਦਿਆਰਥੀ ਦੀ ਕਿਸੇ ਹਰਕਤ ਨੂੰ ਦੁਰ੍ਵਿਵਹਾਰ ਜਾਂ ਅਨੁਸ਼ਾਸ਼ਨ ਵਿਰੋਧੀ ਕਰਾਰ ਦੇਣ ਦਾ ਅੰਤਿਮ ਅਧਿਕਾਰ ਪ੍ਰਿੰਸੀਪਲ ਸਾਹਿਬ ਦੇ ਹੱਥ ਵਿੱਚ ਹੈ । ਅਜਿਹੇ ਕਸੂਰ ਦੇ ਬਦਲੇ ਪ੍ਰਿੰਸੀਪਲ, ਵਿਦਿਆਰਥੀ ਨੂੰ ਜ਼ੁਰਮਾਨਾ/ਕਾਲਜ ਤੋਂ ਕੱਢਣ/ਬਲੈਕ ਲਿਸਟ ਕਰ ਸਕਦੇ ਹਨ ।
20. ਕਾਲਜ ਆਉਣ ਸਮੇਂ ਮਾਸਕ ਪਾ ਕੇ ਆਉਣਾ ਜਰੂਰੀ ਹੈ ।
21. ਸ਼ੋਸ਼ਲ ਡਿਸਟੈਂਸ ਦੀ ਪਾਲਣਾ ਕਰੋ ।

## ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰ ਲਈ ਜਰੂਰੀ ਹਦਾਇਤਾਂ

1. ਇਹ ਰਿਜ਼ਰਵ ਸ੍ਰੇਣੀ ਵਿੱਚ ਆਉਣ ਵਾਲੇ ਵਿਦਿਆਰਥੀਆਂ ਲਈ ਦਾਖਲਾ ਫਾਰਮ ਤੇ ਕੈਟਾਗਿਰੀ ਲਿਖਣੀ ਜਰੂਰੀ ਹੈ। ਜੇਕਰ ਵਿਦਿਆਰਥੀ ਫਾਰਮ ਵਿੱਚ ਕੈਟਾਗਿਰੀ ਨਹੀਂ ਲਿਖਦਾ ਤਾਂ ਉਸ ਨੂੰ ਜਨਰਲ ਕੈਟਾਗਿਰੀ ਵਿੱਚ ਸਮਝਿਆ ਜਾਵੇਗਾ ਅਤੇ ਰਿਜ਼ਰਵ ਕੈਟਾਗਿਰੀ ਦਾ ਕੋਈ ਹੱਕ ਨਹੀਂ ਮਿਲੇਗਾ ।
2. ਸਰਕਾਰ ਦੇ ਪੱਤਰ ਨੰ:1/41/96-ਰਸ.992-1005 ਮਿਤੀ 18-08-2004 ਅਨੁਸਾਰ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਸਰਟੀਫਿਕੇਟ ਜਾਰੀ ਕਰਨ ਲਈ ਨਿਰਧਾਰਿਤ ਪ੍ਰੋਫਾਰਮਿਆਂ ਵਿੱਚ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫਿਕੇਟਾਂ ਨੂੰ ਹੀ ਜਾਇਜ਼ ਮੰਨਿਆ ਜਾਵੇਗਾ ।
3. ਰਿਜ਼ਰਵ ਕੈਟਾਗਿਰੀ ਨਾਲ ਸਬੰਧਤ ਵਿਦਿਆਰਥੀਆਂ ਕੋਲ ਸਮਰੱਥ ਅਧਿਕਾਰੀ ਦੁਆਰਾ ਤਸਦੀਕ ਕੀਤਾ ਹੋਇਆ ਸਰਟੀਫਿਕੇਟ ਹੋਣਾ ਜਰੂਰੀ ਹੈ। ਇਨ੍ਹਾਂ ਸਰਟੀਫਿਕੇਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਦਾਖਲਾ ਫਾਰਮ ਨਾਲ ਲਾਉਣੀਆਂ ਜਰੂਰੀ ਹਨ । ਅਸਲ ਸਰਟੀਫਿਕੇਟ ਇੰਟਰਵਿਊ ਕਮੇਟੀ ਵੱਲੋਂ ਵੇਖੇ ਜਾਣਗੇ । ਅਸਲ ਸਰਟੀਫਿਕੇਟ ਦੀ ਅਣਹੋਂਦ ਤੇ ਦਾਖਲਾ ਅਗਲੇ ਹੱਕਦਾਰ ਨੂੰ ਦੇ ਦਿੱਤਾ ਜਾਵੇਗਾ ।
4. ਹਰ ਰਿਜ਼ਰਵ ਕੈਟਾਗਿਰੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਕੈਟਾਗਿਰੀ ਦੀ ਆਪਣੀ ਬਣਦੀ ਮੈਰਿਟ ਅਨੁਸਾਰ ਹੋਵੇਗਾ ।
5. ਸਰਕਾਰੀ ਹਦਾਇਤਾਂ 3-8-95-ਰਸ.3/4853-54 ਮਿਤੀ 10-07-1995- ਅਤੇ ਪੱਤਰ ਨੰ. 2/27/2004-ਰਸ. 1/1763-71 ਮਿਤੀ 30-12-2004 ਅਨੁਸਾਰ ਆਪਣੀ ਸੀਨੀਅਰਤਾ-ਕਮ-ਮੈਰਿਟ ਤੇ ਆਏ ਐਸ.ਸੀ. ਅਤੇ ਬੀ.ਸੀ. ਸ਼੍ਰੇਣੀ ਦੇ ਉਮੀਦਵਾਰਾਂ ਨੂੰ ਰਾਖਵੇਂਕਰਨ ਦਾ ਹਿਸਾਬ ਲਗਾਉਂਦੇ ਸਮੇਂ ਰਿਜ਼ਰਵੇਸ਼ਨ ਵਿੱਚ ਨਹੀਂ ਗਿਣਿਆ ਜਾਵੇਗਾ ।
6. ਸਰਕਾਰ ਦੇ ਪੱਤਰ ਨੰ: 10-9-2009-ਰਸ-62 ਮਿਤੀ 08-01-2010 ਅਨੁਸਾਰ ਪੱਛੜੀ ਸ਼੍ਰੇਣੀ ਦੇ ਵਿਅਕਤੀ ਨੂੰ ਜਾਰੀ ਹੋਇਆ ਜਾਤੀ ਸਰਟੀਫਿਕੇਟ ਉਸ ਸਮੇਂ ਤੱਕ ਯੋਗ ਮੰਨਿਆ ਜਾਵੇਗਾ ਜਦੋਂ ਤੱਕ ਪ੍ਰਾਰਥੀ ਕ੍ਰੀਮੀ ਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ । ਇਸ ਸਬੰਧੀ ਪ੍ਰਾਰਥੀ ਤੋਂ ਘੋਸ਼ਣਾ ਪੱਤਰ ਪ੍ਰਾਪਤ ਕੀਤਾ ਜਾਵੇਗਾ ਜਿਸ ਵਿੱਚ ਲਿਖਿਆ ਹੋਵੇਗਾ ਕਿ ਉਸਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕ੍ਰੀਮੀ ਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ ।
7. ਰਿਜ਼ਰਵ ਕੈਟਾਗਿਰੀ ਵਾਲੇ ਵਿਦਿਆਰਥੀ ਜਨਰਲ ਕੈਟਾਗਿਰੀ ਦੀ ਇੰਟਰਵਿਊ ਦੀ ਤਾਰੀਖ ਨੂੰ ਹਾਜ਼ਰ ਹੋਣਗੇ । ਜਿਨ੍ਹਾਂ ਵਿਦਿਆਰਥੀਆਂ ਦਾ ਜਨਰਲ ਕੈਟਾਗਿਰੀ ਦੀ ਮੈਰਿਟ ਵਿੱਚ ਦਾਖਲਾ ਨਹੀਂ ਹੁੰਦਾ, ਉਹ ਰਿਜ਼ਰਵ ਕੈਟਾਗਿਰੀ ਦੀ ਇੰਟਰਵਿਊ ਵਿੱਚ ਦੁਬਾਰਾ ਇੰਟਰਵਿਊ ਲਈ ਹਾਜ਼ਰ ਹੋਣਗੇ ।
8. ਜੇਕਰ ਨਿਰਧਾਰਤ ਦਾਖਲੇ ਦੀ ਤਰੀਕ ਤੱਕ ਰਿਜ਼ਰਵ ਕੈਟਾਗਿਰੀ ਦੇ ਯੋਗ ਹੱਕਦਾਰ ਉਮੀਦਵਾਰ ਨਹੀਂ ਆਉਂਦੇ ਤਾਂ ਸੀਟ ਡੀ-ਰਿਜ਼ਰਵ ਕਰ ਦਿੱਤੀ ਜਾਵੇਗੀ।
9. ਸਪੋਰਟਸ ਕੋਟੇ ਵਿੱਚ ਕੇਵਲ ਉਨ੍ਹਾਂ ਖਿਡਾਰੀ ਵਿਦਿਆਰਥੀਆਂ ਨੂੰ ਦਾਖਲਾ ਮਿਲੇਗਾ ਜਿਨ੍ਹਾਂ ਨੇ ਵੱਖ ਵੱਖ ਖੇਡਾਂ ਵਿੱਚ ਘੱਟੋ ਘੱਟ ਜਿਲ੍ਹੇ ਕਾਲਜ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਜ/ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ । ਉਨ੍ਹਾਂ ਦੀ ਮੈਰਿਟ ਪੰਜਾਬ ਸਪੋਰਟਸ ਵਿਭਾਗ ਵੱਲੋਂ ਕੀਤੀ ਗਰੇਡੇਸ਼ਨ ਦੇ ਆਧਾਰ ਤੇ ਬਣਾਈ ਜਾਵੇਗੀ।
10. ਐਮ.ਏ. (ਪੰਜਾਬੀ, ਹਿਸਟਰੀ ਅਤੇ ਪੋਲ ਸਾਇੰਸ) ਭਾਗ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਅਨੁਸੂਚਿਤ ਜਾਤੀ ਅਤੇ ਅਪੰਗ (ਘੱਟ-ਘੱਟ 40 ਪ੍ਰਤੀਸ਼ਤ) ਵਿਦਿਆਰਥੀਆਂ ਨੂੰ ਨਿਸ਼ਚਿਤ ਹੋਈ ਘੱਟੋ-ਘੱਟ ਪ੍ਰਾਪਤ ਕੀਤੇ ਨੰ: ਦੀ ਗਿਣਤੀ ਵਿੱਚ 5% ਛੋਟ ਦੇਣ ਦੀ ਵਿਵਸਥਾ ਹੈ।
11. ਜੇਕਰ ਵਿਦਿਆਰਥੀ ਆਪਣਾ ਨਾਮ ਕਟਵਾਉਣਾ ਚਾਹੁੰਦਾ ਹੈ ਤਾਂ ਜਿਸ ਸਮੈਸਟਰ ਵਿਚੋਂ ਵਿਦਿਆਰਥੀ ਨੇ ਨਾਮ ਕਟਵਾਉਣਾ ਹੈ ਉਸ ਸਮੈਸਟਰ ਤੱਕ ਦੀ ਬਣਦੀ ਸਕਾਲਰਸ਼ਿਪ ਭਰਨ ਦਾ ਹੱਕਦਾਰ ਹੋਵੇਗਾ।

## (ਵਜ਼ੀਫੇ/ਸਕਾਲਰਸ਼ਿਪ)

ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼ੇਣੀਆਂ, ਵਿਮੁਕਤ ਜਾਤੀਆਂ ਅਤੇ ਘੱਟ ਆਮਦਨ ਗਰੁੱਪ ਦੇ ਵਿਦਿਆਰਥੀਆਂ ਨੂੰ ਕਾਲਜ ਯੂਨੀਵਰਸਿਟੀ ਪੱਧਰ ਤੇ ਪੜ੍ਹਾਈ ਲਈ ਜੋ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਉਹ ਸਕੀਮ ਹੇਠ ਲਿਖੇ ਅਨੁਸਾਰ ਹੈ

## (ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟਿਕ ਸਕਾਲਰਸ਼ਿਪ ਸਕੀਮ)

ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਪੰਜਾਬ ਰਾਜ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ, ਜੋ ਭਾਰਤ ਦੇ ਕਿਸੇ ਹਿੱਸੇ ਵਿੱਚ ਪੋਸਟ ਮੈਟ੍ਰਿਕ ਸੈਕੰਡਰੀ ਸਟੇਜ਼ ਤੇ ਸਿੱਖਿਆ ਪ੍ਰਾਪਤ ਕਰ ਰਹੇ ਹੋਣ, ਇਸ ਸਕੀਮ ਅਧੀਨ ਵਜੀਫੇ ਪ੍ਰਾਪਤ ਕਰ ਸਕਦੇ ਹਨ ਬਸ਼ਰਤੇ ਕਿ ਉਸਦੇ ਪਰਿਵਾਰ ਦੇ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 2,50,000/- ਰੁਪਏ ਤੋਂ ਵੱਧ ਨਾ ਹੋਵੇ । ਇਹ ਵਿਦਿਆਰਥੀ ਕਾਲਜ ਵਿੱਚ ਦਾਖਲੇ ਸਮੇਂ ਵਜ਼ੀਫਾ ਫਾਰਮ ਮੁਕੰਮਲ ਰੂਪ ਵਿੱਚ ਭਰ ਕੇ ਦੇਣਗੇ ਵਜੀਫਾ ਫਾਰਮ ਨਾ ਭਰਨ ਦੀ ਸੂਰਤ ਵਿਚ ਉਨ੍ਹਾਂ ਦਾ ਦਾਖਲਾ ਇਸ ਸਕੀਮ ਅਧੀਨ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਵਜ਼ੀਫਾ ਨਹੀਂ ਲੈਣਾ ਜਾਂ ਵਜ਼ੀਫੇ ਲਈ ਅਯੋਗ ਹੋਣ ਤਾਂ ਇਸ ਬਾਰੇ ਪੂਰੀ ਸੂਚਨਾ ਦਫਤਰ ਵਿੱਚ ਦੇਣਗੇ।

ਇਸ ਸਕੀਮ ਅਧੀਨ ਸਾਲ 2008-09 ਤੋਂ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ ਦੋ ਲੱਖ ਰੁਪਏ ਤੋਂ ਵੱਧ ਨਾ ਹੋਵੇ, ਤੋਂ ਟਿਊਸ਼ਨ ਫੀਸ ਅਤੇ ਨਾਨ/ਰਿਫੰਡਏਬਲ ਕੰਪਲਸਰੀ ਫੀਸਾਂ ਜੋ ਕਿ ਪੋਸਟ ਮੈਟ੍ਰਿਕ ਸਕਾਲਸ਼ਿਪ ਤਹਿਤ ਕਵਰ ਹੁੰਦੀਆਂ ਹਨ, ਨਹੀਂ ਲਈਆਂ ਜਾਣੀਆਂ ਹਨ ।

(ਹਵਾਲਾ : ਸੰਯੁਕਤ (ਪੰਜਾਬ ਸਰਕਾਰ), ਭਲਾਈ ਸੈਲ ਨਾਨ-ਪਲਾਨ) ਦਾ ਦਫਤਰ ਦੇ ਪੱਤਰ ਨੰ : 3/74/07-ਐਸ.ਏ.-11/2244-2249 ਮਿਤੀ ਚੰਡੀਗੜ੍ਹ 11-07-2007

**ਇਹ ਲਾਭ ਪ੍ਰਾਪਤ ਕਰਨ ਲਈ ਸਵੈ-ਰੁਜ਼ਗਾਰ ਮਾਤਾ-ਪਿਤਾ/ਸਰਪ੍ਰਸਤ ਨੂੰ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਤੋਂ ਤਸਦੀਕ ਸ਼ੁਦਾ ਉਸ ਫਾਈਨੈਂਸ਼ਲ ਸਾਲ ਦਾ ਆਮਦਨ ਸਰਟੀਫਿਕੇਟ ਕਿ ਉਨਾਂ ਦੇ ਸਾਰੇ ਸਾਧਨਾਂ ਤੋਂ ਕੁੱਲ ਆਮਦਨ 2,50,000 ਤੋਂ ਵੱਧ ਨਹੀਂ ਹੈ।**

(ਹਵਾਲਾ : ਸਪੈਸ਼ਲ ਸਕੱਤਰ ਵੈਲਫੇਅਰ (ਪੰਜਾਬ ਸਰਕਾਰ), ਭਲਾਈ ਵਿਭਾਗ (ਭਲਾਈ ਸੈਲ ਨਾਨ-ਪਲਾਨ) ਦਾ ਦਫ਼ਤਰ ਦੇ ਪੱਤਰ ਨੰ: 3/74/07-ਐਸ.ਏ-11/34696-21 ਮਿਤੀ ਚੰਡੀਗੜ੍ਹ 30-03-2013)

1. ਪਿਛਲੀਆਂ ਪਾਸ ਕੀਤੀਆਂ ਸਾਰੀਆਂ ਕਲਾਸਾਂ ਜਿਵੇਂ ਦਸਵੀਂ, ਬਾਰਵੀਂ, ਗ੍ਰੇਜੂਏਸ਼ਨ ਆਦਿ ਪ੍ਰਮਾਣ ਪੱਤਰ ਦੇ ਅਸਲੀ ਅਤੇ 9-9 ਤਸਦੀਕਸ਼ੁਦਾ ਨਕਲਾਂ ।
2. ਵਿਦਿਆਰਥੀ ਦੇ ਰਿਹਾਇਸ਼ੀ ਪਤੇ ਦੇ ਸਬੂਤ ਲਈ ਅਧਾਰ ਕਾਰਡ ਦੀਆਂ 9-9 ਤਸਦੀਕਸ਼ੁਦਾ ਨਕਲਾਂ ।
3. ਵਿਦਿਆਰਥੀ ਦੀਆਂ 8 ਫੋਟੋਗ੍ਰਾਫ ।
4. ਵਿਦਿਆਰਥੀਦੇ ਮਾਤਾ-ਪਿਤਾ ਦੇ ਅਧਾਰ ਕਾਰਡ ਦੀਆਂ 9 ਤਸਦੀਕਸ਼ੁਦਾ ਨਕਲਾਂ ।
5. ਵਿਦਿਆਰਥੀ ਦੇ ਪਿਤਾ ਦੀਆਂ 9 ਫੋਟੋਗ੍ਰਾਫ ।
6. ਵਿਦਿਆਰਥੀਆਪਣੀ ਕੈਟਗਿਰੀ ਦੇ ਪ੍ਰਮਾਣ ਪੱਤਰ ਦੀਆਂ 9 ਤਸਦੀਕਸ਼ੁਦਾ ਨਕਲਾਂ ।
7. ਵਿਦਿਆਰਥੀ ਦਾ ਰਿਹਾਇਸ਼ੀ ਸਰਟੀਫਿਕੇਟ ਦੇ ਪ੍ਰਮਾਣ ਪੱਤਰ ਦੀਆਂ 9 ਤਸਦੀਕਸ਼ੁਦਾ ਨਕਲਾਂ ।
8. ਵਿਦਿਆਰਥੀ ਦੇ ਪਿਤਾ ਦਾ ਆਮਦਨ ਸਰਟੀਫਿਕੇਟ ਦੇ ਪ੍ਰਮਾਣ ਪੱਤਰ ਦੀਆਂ 9 ਨਕਲਾਂ ।
9. ਜੇਕਰ ਵਿਦਿਆਰਥੀ ਦਾ ਗੈਪ ਹੈ ਤਾਂ ਨੋਟਰੀ ਅਟੈਸਟਡ ਦਿੱਤਾ ਜਾਵੇ ।
10. ਜੇਕਰ ਵਿਦਿਆਰਥੀ ਦਾ ਫਰੀਸ਼ਿਪ ਕਾਰਡ ਪਹਿਲਾਂ ਬਣਿਆ ਹੋਇਆ ਹੈ ਤਾਂ ਉਸ ਦੀਆਂ ਤਿੰਨ ਕਾਪੀਆਂ ਲੈ ਕੇ ਆਉਣਾ ਪਰ ਜੇਕਰ ਵਿਦਿਆਰਥੀ ਪਹਿਲਾਂ ਕਿਸੇ ਕਾਲਜ ਵਿੱਚ ਇੱਕ ਸਾਲ ਦੀ ਸਕਾਲਰਸ਼ਿਪ ਲੈ ਚੁੱਕਿਆ ਹੈ ਤਾਂ ਉਸ ਨੂੰ ਇੱਕ ਸਾਲ ਦੀ ਫੀਸ ਭਰਨੀ ਪਵੇਗੀ।
11. ਵਜੀਫਾ ਫਾਰਮ ਵਿੱਚ ਸਬੰਧਿਤ ਬੈਂਕ ਦਾ ਨਾਮ, ਹਾਈ, ਆਈ.ਐਫ.ਸੀ. ਕੋਡ, ਵਿਦਿਆਰਥੀ ਦੇ ਆਨਲਾਇਨ ਬੈਂਕ ਦਾ ਪੂਰਾ ਖਾਤਾ ਨੰ ਅਤੇ ਅਧਾਰ ਕਾਰਡ ਦਾ ਖਾਤਾ ਨੰ ਦਿੱਤਾ ਹੋਵੇ ।
12. ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ ਉਹਨਾਂ ਦੇ ਆਨਲਾਇਨ ਬੈਂਕ ਖਾਤੇ ਵਿੱਚ ਕੀਤੀ ਜਾਂਦੀ ਹੈ ਇਸ ਲਈ ਉਹਨਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਖਾਤੇ ਵੇਰਵੇ ਸਬੰਧੀ ਸਹੀ ਹੋਣ ।
13. ਬੈਂਕ ਖਾਤੇ ਸਬੰਧੀ ਕਿਸੇ ਵੀ ਤਰ੍ਹਾਂ ਦੀ ਗਲਤੀ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜਿੰਮੇਵਾਰੀ ਸਬੰਧਿਤ ਵਿਦਿਆਰਥੀ ਦੀ ਹੋਵੇਗੀ।

## ਹਲਫੀਆ ਬਿਆਨ

ਮੈਂ.................................................................................................................................................

ਪੁੱਤਰ/ਪੁੱਤਰੀ/ਪਤਨੀ/ਵਿਧਵਾ ਸ੍ਰੀ.............................................................................................................

ਸੱਚੇ ਦਿਲੋਂ ਹਲਫੀਆ ਬਿਆਨ ਕਾਦਰ/ਕਰਦੀ ਹ. ਕਿ :-

1. ਇਹ ਕਿ ਮੇਰੇ/ਮੇਰੀ ਪੁੱਤਰ/ਪੁੱਤਰੀ ਮਿਸਟਰ/ਮਿਸ.........................................................ਨੇ (ਪਾਸ ਕੀਤੀ ਕਲਾਸ ਦਾ ਨਾ ............................ਕਲਾਸ.........................ਸ਼ੈਸ਼ਨ ਦੌਰਾਨ ਪਾਸ ਕੀਤੀ ਹੈ। ਸਰਟੀਫਿਕੇਟ/ਨੰਬਰ ਕਾਰਡ ਦੀ ਕਾਪੀ ਨਾਲ ਨੱਥੀ ਹੈ, ਹੁਣ ਉਸਨੇ ਕਾਲਜ/ਸੰਸਥਾ ਦਾ ਨਾਂ.......................................................................................... ..............................ਵਿਖੇ ਸ਼ੈਸ਼ਨ..........................................................ਦੌਰਾਨ ਕਲਾਸ ਵਿੱਚ ਦਾਖਲਾ ਲੈਣਾ ਹੈ।
2. ਇਹ ਕਿ ਮੈਂ..................................ਜਾਤੀ ਨਾਲ ਸਬੰਧਤ ਹਾਂ ਜੋ ਕਿ ਭਾਰਤ ਸਰਕਾਰ ਵੱਲੋ ਐਸ.ਸੀ. /ਐਸ.ਟੀ/ ਕੈਟਾਗਰੀ ਵਿੱਚ ਸ਼ਾਮਲ ਕੀਤੀ ਗਈ ਹੈ।
3. ਇਹ ਕਿ ਮੈਂ ਸਰਕਾਰੀ ਨੌਕਰੀ ਕਰਦਾ/ਕਰਦੀ ਹਾਂ/ਨਹੀਂ ਕਰਦਾ/ਕਰਦੀ ਹਾਂ । ਮੇਰੀ ਪੋਸਟ ਦਾ ਨਾਂ.................................. (ਸ਼ਬਦਾਂ ਵਿੱਚ..........................................................) ਹੈ ਜੋ ਕਿ 2 ਲੱਖ ਰੁਪਏ ਤੋਂ ਵੱਧ ਨਹੀਂ ਹੈ।
4. ਇਹ ਕਿ ਮੈਂ ਆਪਣੇ ਪੁੱਤਰ/ਪੁੱਤਰੀ ਤੇ ਜਾਤੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕਰ ਰਿਹਾ/ਰਹੀ ਹਾਂ ਜੋ ਕਿ ਸਹੀ ਹੈ।
5. ਇਹ ਕਿ ਮੇਰੇ ਪੁੱਤਰ/ਪੁੱਤਰੀ ਨੇ ਕਿਸੇ ਹੋਰ ਸਕਾਲਾਰਸ਼ਿਪ ਲਈ ਬਿਨੈ-ਪੱਤਰ ਨਹੀਂ ਦਿੱਤਾ ਹੈ/ਨਾ ਹੀ ਦੇਵੇਗਾ ਅਤੇ ਕੋਈ ਹੋਰ ਸਕਾਲਰਸ਼ਿਪ ਵੀ ਨਹੀਂ ਲੈ ਰਿਹਾ
6. ਇਹ ਕਿ ਮੇਰਾ ਉਕਤ ਬਿਆਨ ਗਲਤ ਹੋਣ ਦੀ ਹਾਲਤ ਵਿੱਚ ਨਿਯਮਾਂ ਅਧੀਨ ਮੇਰੇ ਵਿਰੁੱਧ ਕਾਰਵਾਈ ਕਰਨ ਤੇ ਮੈਨੂੰ ਕੋਈ ਇਤਰਾਜ ਨਹੀ ਹੋਵੇਗਾ

(.............................)
ਬਿਆਨ ਕਰਤਾ

ਉਕਤ ਅਨੁਸਾਰ ਮੇਰੇ ਵੱਲੋਂ ਦਿਤਾ ਗਿਆ ਹਲਫੀਆਂ ਬਿਆਨ ਬਿਲਕੁਲ ਸਹੀ ਵਾ ਦਰੁਸਤ ਹੈ। ਇਸ ਵਿੱਚ ਕੋਈ ਵੀ ਗੱਲ ਲੁਕਾ ਛੁਪਾ ਕੇ ਨਹੀਂ ਰੱਖੀ ਗਈ

(.............................)
ਬਿਆਨ ਕਰਤਾ

ਮਿਤੀ.......................

**ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ :**

1. ਵਜ਼ੀਫਾ ਫਾਰਮ ਵਿੱਚ ਸਬੰਧਤ ਬੈਂਕ ਦਾ ਨਾਮ, ਆਈ.ਐੱਸ.ਸੀ। ਕੋਡ, ਵਿਦਿਆਰਥੀਆਂ ਦੇ ਆਨ ਲਾਈਨ ਬੈਂਕ ਦਾ ਪੂਰਾ ਖਾਤਾ ਨੰਬਰ ਅਤੇ ਆਧਾਰ ਕਾਰਡ ਦਾ ਨੰਬਰ ਦਿੱਤਾ ਹੋਵੇ ।
2. ਇਨ੍ਹਾਂ ਦਸਤਾਵੇਜ਼ਾਂ ਦੀ ਇੱਕ ਕਾਪੀ ਕਾਲਜ ਵਿੱਚ ਵੀ ਜਮ੍ਹਾ ਕਰਵਾਈ ਜਾਵੇ ।
3. ਵਿਦਿਆਰਥੀਆਂ ਨੂੰ ਵਜ਼ੀਫੇ ਦੀ ਅਦਾਇਗੀ ਉਨ੍ਹਾਂ ਦੇ ਆਨ ਲਾਈਨ ਬੈਂਕ ਖਾਤੇ ਵਿੱਚ ਕੀਤੀ ਜਾਣੀ ਹੈ । ਇਸ ਲਈ ਉਨ੍ਹਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਖਾਤੇ ਸਬੰਧੀ ਵੇਰਵੇ ਸਹੀ ਹੋਣ ।
4. ਬੈਂਕ ਖਾਤੇ ਸਬੰਧੀ ਕਿਸੇ ਵੀ ਤਰ੍ਹਾਂ ਦੀ ਗਲਤੀ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜਿੰਮੇਵਾਰੀ ਸਬੰਧਿਤ ਵਿਦਿਆਰਥੀ ਦੀ ਹੋਵੇਗੀ ।

# UNDERTAKING

ਮੈਂ..........................................................................ਪੁੱਤਰ/ਪੁੱਤਰੀ.......................................................................ਵਾਸੀ........................ ..........................................................ਨੇ.........................................ਦੇ ਸੈਸ਼ਨ 2024-25 ਵਿੱਚ...............................ਕਲਾਸ ਵਿੱਚ ਦਾਖਲਾ ਲਿਆ ਹੈ।ਸੈਸ਼ਨ ਕਲਾਸ ਵਿੱਚ ਦਾਖਲਾ ਲਿਆ ਹੈ।। SC Category ਨਾਲ ਸਬੰਧ ਰੱਖਦੇ/ਰੱਖਦੀ ਹਾਂ। ਜਿਸ ਕਰਕੇ ਮੈਂ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ SC Scholarship Apply ਕਰਾਂਗਾ/ਕਰਾਂਗੀ।ਮੇਰਾ ਪਰਿਵਾਰ ਬਹੁਤ ਗਰੀਬ ਹੈ ਜਿਸ ਕਾਰਨ ਮੈਂ ਆਪਣੀ ਕਿਸੇ ਤਰਾਂ ਦੀ ਫੀਸ ਨਹੀਂ ਭਰ ਸਕਦਾ/ਸਕਦੀ। ਪਰ ਮੈਂ ਅੱਗੇ ਪੜਨਾ ਚਾਹੁੰਦਾ/ਚਾਹੁੰਦੀ ਹਾਂ। ਮੈਂ ਹੇਠ ਲਿਖੀਆਂ ਸ਼ਰਤਾ ਮੰਨਣ ਲਈ ਪਾਬੰਦ ਹੋਵਾਂਗਾ/ਹੋਵਾਂਗੀ।

1. ਜੇਕਰ ਮੈਂ ਦਾਖਲਾ ਲੈਣ ਤੋਂ ਬਾਅਦ ਅਤੇ ਐਡਮੀਸ਼ਨ ਦੀ Last Date ਤੋਂ ਪਹਿਲਾਂ ਕਾਲਜ ਛੱਡਦਾ/ਛੱਡਦੀ ਹਾਂ ਤਾਂ ਮੈਂ 1000/- Processing Fess ਭਰਾਂਗਾ/ਭਰਾਂਗੀ। ਜੇਕਰ ਮੈਂ Admission ਦੀ last date ਤੋਂ ਬਾਅਦ ਅਤੇ 1st semester ਦੇ Exam ਹੋਣ ਤੱਕ ਕਾਲਜ ਛੱਡਦਾ ਹਾਂ। ਛੱਡਦੀ ਹਾਂ ਤਾਂ ਇੱਕ ਸਮੈਸਟਰ ਦੀ ਬਣਦੀ ਫੀਸ ਭਰਾਂਗਾ/ਭਰਾਂਗੀ। ਜੇਕਰ ਮੈਂ 1st Semester ਦੇ Exam ਹੋਣ ਤੋਂ ਬਾਅਦ ਅਤੇ 2nd Semester ਦੀਆਂ ਕਲਾਸਾ ਸ਼ੁਰੂ ਹੋਣ ਤੋਂ ਪਹਿਲਾਂ ਕਾਲਜ ਛੱਡਦਾ/ਛੱਡਦੀ ਹਾਂ ਤਾਂ ਮੈਂ ਪਿਛਲੇ ਸਮੈਸਟਰ ਦੀ ਫੀਸ +1000/- Processing Fees ਭਰਾਂਗਾ/ਭਰਾਂਗੀ ਜੇਕਰ ਮੈਂ ਅਗਲੇ ਸਮੈਸਟਰ ਦੀਆਂ ਕਲਾਸਾਂ ਸ਼ੁਰੂ ਹੋਣ ਤੋਂ ਬਾਅਦ ਅਤੇ Exam ਹੋਣ ਤੱਕ ਕਾਲਜ ਛੱਡਦਾ/ਛੱਡਦੀ ਹਾਂ ਤਾਂ ਮੈਂ ਉਸ ਸਮੈਸਟਰ ਤੱਕ ਦੀ ਬਣਦੀ ਫੀਸ ਭਰਾਂਗੀ/ਭਰਾਂਗਾਂ ਇਸ ਤਰਾਂ ਇਹ ਕੋਰਸ ਦੇ Last ਤੱਕ ਲਾਗੂ ਹੋਵੇਗਾ।

2. ਜੋ ਮੈਂ ਆਪਣੇ Original Documents ਕਾਲਜ ਨੂੰ Rfeundable Security ਦੀ option ਵਿੱਚ ਜਮਾਂ ਕਰਵਾਏ ਹੋਣਗੇ। ਜੇਕਰ ਮੈਂ Admission ਦੀ last date ਤੋਂ ਪਹਿਲਾਂ Document ਲੈਂਦਾਂ/ਲੈਂਦੀ ਹਾਂ ਤਾਂ ਮੈਂ 1000/- Processing Fess ਭਰਾਂਗਾ/ਭਰਾਂਗੀ। ਜੇਕਰ ਮੈਂ ਕੋਰਸ Complete ਹੋਣ ਤੋਂ ਪਹਿਲਾਂ Document ਲੈਂਣਾ ਚਾਹੁੰਦੀ/ਚਾਹੁੰਦਾ ਹਾਂ, ਤਾਂ ਜੇ ਮੈਂ Admission ਦੀ last date ਤੋਂ ਬਾਅਦ 1st semester ਦੇ Exam ਹੋਣ ਦੇ ਤੱਕ Documents ਲੈਂਦਾ/ਲੈਂਦੀ ਹਾਂ ਤਾਂ ਮੈਂ ਇੱਕ ਸਮੈਸਟਰ ਦੀ ਬਣਦੀ ਫੀਸ ਦੇ ਬਰਾਬਰ Rfeundable Security ਭਰਾਂਗਾ/ਭਰਾਂਗੀ। ਜੇਕਰ ਮੈਂ 1st Semester ਦੇ Exam ਹੋਣ ਤੋਂ ਬਾਅਦ ਅਤੇ 2nd semester ਦੀਆਂ ਕਲਾਸਾ ਸ਼ੁਰੂ ਹੋਣ ਤੋਂ ਪਹਿਲਾਂ Documents ਲੈਂਦਾ/ਲੈਂਦੀ ਹਾਂ ਤਾਂ ਮੈਂ ਪਿਛਲੇ ਸਮੈਸਟਰ ਦੀ ਫੀਸ +1000/- Processing Fees ਦੇ ਬਰਾਬਰ Refundable Security ਭਰਾਂਗੀ/ਭਰਾਂਗਾ। ਜੇਕਰ ਮੈਂ ਅਗਲੇ ਸਮੈਸਟਰ ਦੀ ਕਲਾਸਾਂ ਸ਼ੁਰੂ ਹੋਣ ਤੋਂ ਬਾਅਦ ਅਤੇ Exam ਤੱਕ Documents ਲੈਂਦਾ/ਲੈਂਦੀ ਹਾਂ ਤਾਂ ਮੈਂ ਉਸ ਸਮੈਸਟਰ ਤੱਕ ਦੀ ਬਣਦੀ ਫੀਸ ਦੇ ਬਰਾਬਰ Rfeundable security ਭਰਾਂਗੀ/ਭਰਾਂਗਾਂ ਇਸ ਤਰਾਂ ਇਹ ਕੋਰਸ ਦੇ Last ਤੱਕ ਲਾਗੂ ਹੋਵੇਗਾ।

3. SC Scholarship ਆਉਣ ਤੇ ਮੈਂ Maintenance Allowance ਨੂੰ ਛੱਡ ਕੇ ਬਾਕੀ ਸਾਰੀ Scholarship 5 ਦਿਨਾਂ ਦੇ ਵਿੱਚ ਭਰਨ ਦੀ ਪਾਬੰਦ ਹੋਵਾਂਗਾ/ਹੋਵਾਗੀ।

4. ਮੈਂ ਆਪਣੇ SC Scholarship ਦੇ Document Admission ਦੀ Last Date ਤੋਂ ਪਹਿਲਾ ਪੂਰੇ ਕਰਨ ਦੀ ਪਾਬੰਦ ਹੋਵਾਂਗੀ/ਹੋਵਾਗਾ। ਜੇਕਰ ਮੈਂ Scholarship ਨਾਲ ਸਬੰਧਤ Document ਪੂਰੇ ਨਹੀਂ ਕਰਾਂਗਾ/ਕਰਾਂਗੀ ਤਾਂ General ਵਿਦਿਆਰਥੀਆਂ ਦੇ ਬਰਾਬਰ ਫੀਸ ਭਰਾਂਗਾ/ਭਰਾਂਗੀ।

5. ਜੇਕਰ ਮੇਰੇ ਕੋਰਸ ਵਿੱਚ Migration Certfiicate ਦੀ ਲੋੜ ਪਵੇਗੀ ਤਾਂ ਮੈਂ ਪੁਰਾਣੀ ਪਾਸ ਕੀਤੀ ਕਲਾਸ ਦੇ Board/University ਤੋਂ Migration, Admission ਦੀ Last Date ਤੋਂ ਪਹਿਲਾ ਲਿਆ ਕੇ ਦੇਵਾਂਗਾ/ਦੇਵਾਂਗੀ। ਜੇਕਰ ਮੇਰੇ ਕੋਰਸ ਦਾ Entrance Exam ਹੰਦਾ ਹੈ ਤਾ Entrance Exam ਅਪਲਾਈ ਕਰਾਂਗਾ/ਕਰਾਂਗੀ ਅਤੇ ਦੇਵਾਂਗਾ/ਦੇਵਾਂਗੀ ਅਤੇ ਕਾਊਂਸਲਿੰਗ ਅਟੈਂਡ ਕਰਾਂਗਾ/ਕਰਾਂਗੀ। ਜੇਕਰ ਮੇਰੀ Admission ਕਾਊਂਸਲਿੰਗ ਰਾਹੀ ਨਹੀ ਹੁੰਦੀ ਤਾਂ ਕਾਲਜ ਮੇਰੀ Registration Cancel ਕਰ ਸਕਦਾ ਹੈ।

6. ਜੇਕਰ ਮੈਂ ਬਿਨਾਂ Exam ਦਿੱਤੇ ਕਾਲਜ ਛੱਡਦਾ/ਛੱਡਦੀ ਹਾਂ ਤਾਂ ਮੈਂ ਆਪਣੀ ਆਈ Scholarship ਵਾਲੀ Amount ਸਰਕਾਰ ਨੂੰ ਵਾਪਿਸ ਕਰਨ ਦਾ ਪਾਬੰਦ ਹੋਵਾਗਾ/ਹੋਵਾਂਗੀ।

7। ਮੈਂ ਆਪਣੀ ਬਣਦੀ ਫੀਸ ਦੇ ਬਰਾਬਰ ਚੈੱਕ ਨੰ.........................................ਅਤੇ ..........................................ਦੇ ਰਿਹਾ ਹਾਂ। ਜੇਕਰ ਮੈਂ ਸਰਕਾਰ ਵੱਲੋਂ ਆਈ ਹੋਈ ਸਕਾਰਲਸ਼ਿਪ ਕਾਲਜ ਵਿੱਚ ਨਹੀਂ ਭਰਦਾ ਤਾਂ ਕਾਲਜ ਮੇਰੇ ਚੈੱਕ ਬੈਂਕ ਵਿੱਚ ਲਗਵਾ ਕੇ ਮੇਰੀ ਬਣਦੀ ਫੀਸ ਵਸੂਲ ਕਰ ਸਕਦਾ ਹੈ।

ਮੈ..........................................................................ਪੁੱਤਰੀ/ਪੁੱਤਰ..............................................................................

ਵਾਸੀ.........................ਬਿਆਨ ਕਰਦਾ ਹਾਂ ਕਿ ਉੱਪਰ ਦਿੱਤੀ ਜਾਣਕਾਰੀ ਮੈਂ ਪੜ੍ਹ ਲਈ ਹੈ ਅਤੇ ਇਸ ਜਾਣਕਾਰੀ ਨਾਲ ਮੈਂ ਸਹਿਮਤ ਹਾਂ।

**ਨੋਟ:-** ਉਪਰੋਕਤ ਫੀਸ Government fo India ਦੀ Policy ਮੁਤਾਬਿਕ ਜਿਹੜੇ ਸੈਸ਼ਨ ਦੀ ਫੀਸ Govt. ਵੱਲੋਂ ਸਟੂਡੈਂਟ ਜਾਂ ਕਾਲਜ ਨੂੰ ਦੇਣ ਯੋਗ ਹੋਵੇਗੀ ਉਸ ਸੈਸ਼ਨ ਦੀ ਫੀਸ Govt. ਤੋਂ ਆਉਣ ਤੋਂ ਪਹਿਲਾਂ ਬੱਚੇ ਤੋਂ ਨਹੀਂ ਮੰਗੀ ਜਾਵੇਗੀ ਅਤੇ ਨਾ ਹੀ ਉਸ ਦਾ ਕੋਈ ਸਰਟੀਫਿਕੇਟ ਰੋਕਿਆ ਜਾਵੇਗਾ। ਇਸ ਫੀਸ ਵਿੱਚ Regd./Return Fee, Exam Fee ਮੌਕੇ ਤੇ University ਮੁਤਾਬਿਕ ਲਗਾਈ ਜਾਵੇਗੀ ਅਤੇ ਜੇਕਰ Govt. ਵੱਲੋਂ ਇਸ ਵਿੱਚ ਵਾਧਾ ਘਾਟਾ ਕੀਤਾ ਜਾਂਦਾ ਹੈ ਤਾਂ ਉਹ ਫੀਸ ਵਿਦਿਆਰਥੀ ਦੇਣ ਯੋਗ ਹੋਵੇਗਾ। ਪਰ ਜੇਕਰ ਫੀਸ ਬੱਚੇ ਦੇ ਖਾਤੇ ਵਿੱਚ Government ਵੱਲੋਂ ਆ ਜਾਣ ਤੇ ਬੱਚੇ ਵੱਲੋਂ ਕਾਲਜ ਨੂੰ ਫੀਸ 5 ਦਿਨਾਂ ਵਿੱਚ ਨਹੀਂ ਭਰੀ ਜਾਂਦੀ ਤਾਂ ਬੱਚੇ ਦਾ ਰੋਲ ਨੰ, Certfiicate/Document ਰੋਕਿਆ ਜਾਵੇਗਾ ਅਤੇ ਉਸਨੂੰ ਲੇਟ ਫੀਸ ਭਰਨ ਤੇ 15× ਦੀ ਦਰ ਨਾਲ ਜੁਰਮਾਨਾ ਲਗਾਇਆ ਜਾਵੇਗਾ। ਜੇ Government ਦੀ Policy ਮੁਤਾਬਿਕ Govt. ਵੱਲੋਂ ਕਾਲਜੇ ਬੱਚੇ ਨੂੰ ਸੈਸ਼ਨ/ਸੈਸ਼ਨਜ਼ ਦੀ ਫੀਸ ਦੇਣ ਯੋਗ ਨਹੀ ਹੋਵੇਗੀ ਤਾ ਉਸ ਦੀ ਅਦਾਇਗੀ ਵਿਦਿਆਰਥੀ ਖੁਦ ਕਰੇਗਾ। ਜੋ ਬੱਚੇ ਵੱਲੋਂ ਟਰਾਂਸਪੋਰਟ ਦੀ ਸਹੂਲਤ ਲਈ ਹੈ ਤਾਂ ਟਰਾਂਸਪੋਰਟ ਫੀਸ ਸਮੇ ਸਿਰ ਭਰਨੀ ਪਵੇਗੀ ਅਤੇ ਇਸਦਾ College Fee/Post Matric Scholarship ਨਾਲ ਕੋਈ ਸਬੰਧ ਨਹੀ ਹੋਵੇਗਾ ।

## ਕਾਲਜ ਲਾਇਬ੍ਰੇਰੀ

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬ੍ਰੇਰੀ ਹੈ ਜੋ ਪੂਰੀ ਤਰ੍ਹਾਂ ਕੰਪਿਊਟਰਾਈਜ਼ਡ ਹੈ। ਲਾਇਬ੍ਰੇਰੀ ਸਬੰਧੀ ਨਿਯਮ ਇਸ ਪ੍ਰਕਾਰ ਹਨ ।

1. ਹੇਠ ਲਿਖੇ ਗਿਣਤੀ ਅਨੁਸਾਰ ਲਾਇਬ੍ਰੇਰੀ ਵਿੱਚੋਂ ਕਿਤਾਬਾਂ ਜਾਰੀ ਹੋਣਗੀਆਂ :
   (ੳ) ਡਿਗਰੀ ਕਲਾਸਾਂ ਦੇ ਵਿਦਿਆਰਥੀਆਂ ਲਈ
   (ਅ) ਐੱਮ.ਏ. ਦੇ ਵਿਦਿਆਰਥੀਆਂ ਲਈ
2. ਇੱਕ ਪੁਸਤਕ 7 ਦਿਨਾਂ ਲਈ ਜਾਰੀ ਕੀਤੀ ਜਾਵੇਗੀ । ਇਸ ਤੋਂ ਵੱਧ ਦਿਨ ਰੱਖੀ ਪੁਸਤਕ ਲਈ 5 ਰੁ: ਪੈਸੇ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਕੀਤਾ ਜਾਵੇਗਾ।
3 ਵਿਦਿਆਰਥੀਆਂ ਵੱਲੋਂ ਲਾਇਬ੍ਰੇਰੀ ਕਿਤਾਬ ਗੁੰਮ ਹੋ ਜਾਣ ਜਾਂ ਖਰਾਬ ਹੋਣ ਦੀ ਸੂਰਤ ਵਿੱਚ, ਵਿਦਿਆਰਥੀ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ । ਕਿਤਾਬ ਦੇ ਕਿਸੇ ਇੱਕ ਸੈਂਟ ਜਾਂ ਲੜੀ ਵਿੱਚ ਗੁਆਚੀ ਜਾਂ ਖਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ । ਇਸ ਸਬੰਧੀ ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ ।
4. ਲਾਇਬ੍ਰੇਰੀ ਦੇ ਖੁੱਲਣ ਦਾ ਸਮਾਂ, ਕਾਲਜ ਖੁੱਲਣ ਸਮੇਂ ਅਨੁਸਾਰ ਹੀ ਹੋਵੇਗਾ ।
5. ਲਾਇਬ੍ਰੇਰੀ ਦੀ ਅਧਿਐਨਸ਼ਾਲਾ ਵਿੱਚ ਚੁੱਪ ਦੀ ਮਰਿਆਦਾ ਕਾਇਮ ਰੱਖਣੀ ਅਤੀ ਜਰੂਰੀ ਹੈ । ਮਰਿਆਦਾ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਲਾਇਬ੍ਰੇਰੀਅਨ, ਪ੍ਰਿੰਸੀਪਲ ਦੀ ਆਗਿਆ ਨਾਲ ਜੁਰਮਾਨਾ ਕਰ ਸਕਦਾ ਹੈ ।
6. ਵਿਦਿਆਰਥੀਆਂ ਨੂੰ ਸਲਾਨਾ/ਸਮੈਸਟਰ ਯੂਨੀਵਰਸਿਟੀ ਇਮਤਿਹਾਨ ਦੇ ਰੋਲ ਨੰਬਰ ਦੇਣ ਸਮੇਂ ਲਾਇਬ੍ਰੇਰੀ ਦੀਆਂ ਪੁਸਤਕਾਂ ਵਾਪਸ ਕਰਨੀਆਂ ਹੋਣਗੀਆਂ ।
7. ਲਾਇਬ੍ਰੇਰੀ ਤੋਂ ਨੋ ਡਿਊਜ਼ ਲੈਣ ਸਮੇਂ ਲਾਇਬ੍ਰੇਰੀ ਸ਼ਨਾਖਤੀ ਕਾਰਡ ਰੱਦ ਕਰ ਦਿੱਤਾ ਜਾਵੇਗਾ, ਪਰ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਰੱਦ ਕੀਤਾ ਸ਼ਨਾਖਤੀ ਕਾਰਡ ਫੋਟੋ ਸਮੇਤ ਸੰਭਾਲ ਕੇ ਰੱਖਣ, ਕਿਉਂਕਿ ਇਸ ਕਾਰਡ ਤੋਂ ਬਿਨਾਂ ਕਾਲਜ ਮੈਗਜ਼ੀਨ, ਲਾਇਬ੍ਰੇਰੀ ਸਕਿਉਰਟੀ ਅਤੇ ਯੂਨੀਵਰਸਿਟੀ ਦੇ ਡਿਟੇਲ ਮਾਰਕਸ ਕਾਰਡ ਆਦਿ ਨਹੀਂ ਦਿੱਤੇ ਜਾਣਗੇ ।
8. ਲਾਇਬ੍ਰੇਰੀ ਬੁੱਕ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਡੁਪਲੀਕੇਟ ਕਾਰਡ ਬਣਾਉਣ ਵਾਸਤੇ 50/- ਰੁ: ਦੀ ਫੀਸ ਦੇਣੀ ਪਵੇਗੀ ।
9 ਕਾਲਜ ਲਾਇਬ੍ਰੇਰੀ ਵਿੱਚ ਪੰਜਾਬੀ, ਹਿੰਦੀ, ਅੰਗਰੇਜੀ ਖੇਤੀਬਾੜੀ ਕਾਮਰਸ ਤੇ ਹੋਰ ਵਿਸ਼ਿਆਂ ਨਾਲ ਸਬੰਧਤ ਰਸਾਲੇ ਮੈਗਜ਼ੀਨ ਉਪਲੱਬਧ ਹਨ । ਕੋਈ ਵੀ ਰਸਾਲਾ/ਮੈਗਜ਼ੀਨ ਵਿਦਿਆਰਥੀ ਨੂੰ ਜਾਰੀ ਨਹੀਂ ਕੀਤਾ ਜਾਵੇਗਾ ।

## ਰੈੱਡ-ਕਰਾਸ ਯੂਨਿਟ

ਕਾਲਜ ਵਿੱਚ ਇੱਕ ਰੈੱਡ ਕਰਾਸ ਯੂਨਿਟ ਸਥਾਪਿਤ ਕੀਤਾ ਜਾਂਦਾ ਹੈ। ਜਿਸ ਵਿੱਚ ਵਿਦਿਆਰਥੀ ਨੂੰ ਸਮਾਜ ਤੇ ਕੌਮੀ ਸੇਵਾ ਦੀ ਲਗਨ ਤੇ ਮਹਾਨਤਾ ਨਾਲ ਸਬੰਧਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਦਾ ਹੈ ਅਤੇ ਆਪਣੀ ਸ਼ਖਸ਼ੀਅਤ ਦੇ ਨਿਖਾਰ ਤੇ ਵਿਕਾਸ ਲਈ ਵੀ ਅਵਸਰ ਮਿਲਦੇ ਹਨ।

## ਜੁਰਮਾਨੇ ਦੇ ਨਿਯਮ

ਬਿਨ੍ਹਾਂ ਆਗਿਆ ਕਾਲਜ ਵਿੱਚੋਂ ਗੈਰ ਹਾਜ਼ਰ ਵਾਲੇ ਵਿਦਿਆਰਥੀਆਂ ਨੂੰ ਪ੍ਰਤੀ ਪੀਰੀਅਡ 10ਰੁ: ਤੇ ਇੱਕ ਤੋ ਵੱਧ ਪੀਰੀਅਡ ਲਈ ਪ੍ਰਤੀ ਦਿਨ 50 ਰੁ: ਜੁਰਮਾਨਾ ਲੱਗਦਾ ਹੈ। ਪੰਜਾਬ ਸਰਕਾਰ ਦੇ ਨਿਯਮਾ ਅਨੁਸਾਰ ਜ਼ੁਰਮਾਨਾ ਬਦਲ ਸਕਦਾ ਹੈ।

## ਫੀਸ ਅਦਾਇਗੀ ਦੇ ਨਿਯਮ

ਫੀਸਾਂ ਅਤੇ ਫੰਡਾਂ ਦੀ ਅਦਾਇਗੀ ਨਿਯਤ ਸਮੇਂ ਕੀਤੀ ਜਾਵੇ, ਨਹੀਂ ਤਾਂ ਵਿਦਿਆਰਥੀ ਦਾ ਨਾਮ ਕੱਟ ਦਿੱਤਾ ਜਾਵੇਗਾ ਅਤੇ ਫਿਰ ਬਕਾਏ ਦੇ ਨਾਲ ਮੁੜ ਦਾਖਲਾ ਫੀਸ ਦੇਣੀ ਪਵੇਗੀ । ਲਾਇਬ੍ਰੇਰੀ ਦੀ ਸਕਿਉਰਟੀ ਜੇ ਕਾਲਜ ਲੱਛਣ ਦੇ ਇੱਕ ਸਾਲ ਦੇ ਅੰਦਰ ਨਾ ਲਈ ਜਾਵੇ ਤਾਂ ਇਹ ਜ਼ਬਤ ਹੋ ਜਾਵੇਗੀ । ਇੱਕ ਵਾਰ ਦਿੱਤੀ ਫੀਸ ਵਾਪਸ ਨਹੀਂ ਹੁੰਦੀ । ਫੀਸ ਨਿਯਤ ਮਿਤੀ ਤੱਕ ਜਮ੍ਹਾਂ ਨਾ ਕਰਾਉਣ ਦੀ ਸੂਰਤ ਵਿੱਚ ਸਰਕਾਰੀ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਂਦਾ ਹੈ । ਯੂਨੀਵਰਸਿਟੀ ਇਮਤਿਹਾਨ ਦੀ ਦਾਮਲਾ ਫੀਸ ਨਿਸ਼ਚਿਤ ਮਿਤੀ ਤੱਕ ਭਰਨੀ ਜਰੂਰੀ ਹੈ ਨਹੀਂ ਤਾਂ ਦਾਖਲਾ ਯੂਨੀਵਰਸਿਟੀ ਨੂੰ ਨਹੀਂ ਭੇਜਿਆ ਜਾਵੇਗਾ । ਇਸ ਦੀ ਜਿੰਮੇਵਾਰੀ ਵਿਦਿਆਰਥੀਆਂ ਦੀ ਹੋਵੇਗੀ । ਨਿਯਤ ਮਿਤੀ ਤੇ ਫੀਸ ਨਾ ਭਰਨ ਦੀ ਸਥਿਤੀ ਵਿੱਚ ਪ੍ਰਤੀ ਦਿਨ 50 ਰੁ: ਦੇ ਹਿਸਾਬ ਨਾਲ ਜੁਰਮਾਨਾ ਕੀਤਾ ਜਾਵੇਗਾ ਜੋ ਕਿ ਨਾ ਮਾਫੀ ਯੋਗ ਹੋਵੇਗਾ

ਆਕਲੀਆ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਸਾਰੇ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ Parents ( ਮਾਪੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਫੀਸ ਕੈਸ਼ ਕਾਊਟਰ ਅਤੇ ਆਪਣੇ ਅਸਲ ਜਾਂ ਕਿਸੇ ਵੀ ਤਰਾਂ ਦੇ ਕੋਈ ਵੀ ਦਸਤਾਵੇਜ (Documents) ਡਾਕ ਡਿਸਪੇਚ ਕਾਊਂਟਰ ਤੇ ਹੀ ਜਮਾਂ ਕਰਵਾਉਣ । ਵਿਦਿਆਰਥੀ-Parents (ਮਾਪੇ) ਨੇ ਜਿਹੜੀ ਫੀਸ ਭਰੀ ਹੈ ਉਸ ਦੀ ਪੱਕੀ ਰਸੀਦ ਅਤੇ ਕਿਸੇ ਦਸਤਾਵੇਜ (Documents) ਜਮਾਂ ਕਰਵਾਉਣੇ ਹਨ ਉਹਨਾਂ ਦੀ ਵੀ ਪੂਰੀ Receiving ਲੈਣ। ਜੇਕਰ ਕੋਈ ਵਿਦਿਆਰਥੀ/Parents ਆਪਣੀ ਫੀਸ ਕੈਸ਼ ਕਾਊਂਟਰ ਉਪਰ ਅਤੇ ਆਪਣੇ ਦਸਤਾਵੇਜ਼ (Documents) ਡਾਕ ਡਿਸਪੈਚ ਕਾਉਂਟਰ ਉੱਪਰ ਜਮਾਂ ਨਹੀ ਕਰਵਾਉਂਦਾ ਹੈ ਭਾਵ ਆਪਣੇ ਅਧਿਆਪਕ, ਸਕਿਊਰਿਟੀ ਗਾਰਡ ਨੂੰ ਫੜਾਉਂਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਜੇਕਰ ਉਪਰੋਕਤ ਵਿਦਿਅਰਥੀ/Parents ਨੂੰ ਕੋਈ ਫੀਸ ਜਾਂ ਦਸਤਾਵੇਜ਼ (Documents) ਸਬੰਧੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਸਦੇ ਜਿੰਮੇਵਾਰ ਵਿਦਿਅਰਥੀ/Parents ਆਪ ਹੋਣਗੇ।

### ਸਲਾਨਾ

30 ਸਤੰਬਰ ਪਹਿਲੀ ਕਿਸ਼ਤ

30 ਨਵੰਬਰ ਦੂਜੀ ਕਿਸ਼ਤ

### ਸਮੈਸਟਰ

31 ਅਗਸਤ ਤੱਕ (ਓਡ ਗਰੁੱਪ)

31 ਜਨਵਰੀ ਤੱਕ (ਇਵਨ ਗਰੁੱਪ)

## ਪੁਨਰ ਦਾਖਲਾ (ਰੀ ਐਡਮਿਸ਼ਨ)

ਯੂਨੀਵਰਸਿਟੀ ਨਿਯਮਾਂ ਅਨੁਸਾਰ 10 ਦਿਨ ਲਗਾਤਾਰ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਕੇ ਦਿੱਤਾ ਜਾਵੇਗਾ । ਨਾਮ ਕੱਟਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਪ੍ਰਿੰਸੀਪਲ ਦੀ ਆਗਿਆ ਨਾਲ ਪੁਨਰ ਦਾਖਲਾ ਫੀਸ ਕਰਨ ਉਪਰੰਤ ਹੀ ਪੁਨਰ ਦਾਖਲਾ ਦਿੱਤਾ ਜਾਵੇਗਾ । ਪੁਨਰ ਦਾਖਲਾ ਕੇਵਲ ਦੋ ਵਾਰ ਹੀ ਸੰਭਵ ਹੈ ਇਸ ਤੋਂ ਬਾਅਦ ਵਿਦਿਆਰਥੀ ਦਾ ਨਾਮ ਪੱਕੇ ਤੌਰ ਤੇ ਕਾਲਜ ਵਿੱਚ ਨੋਟ ਦਿੱਤਾ ਜਾਵੇਗਾ ।

## ਛੁੱਟੀਆਂ ਬਾਰੇ ਸੂਚਨਾ

1. ਕਾਲਜ ਤੋਂ ਛੁੱਟੀ ਲੈਣ ਲਈ ਅਰਜੀ ਸਬੰਧਿਤ ਲੈਕਚਰਾਰ ਰਾਹੀਂ ਪ੍ਰਿੰਸੀਪਲ ਦੀ ਆਗਿਆ ਨਾਲ ਹੀ ਦਫਤਰ ਵਿੱਚ ਪੇਸ਼ ਕੀਤੀ ਜਾਵੇ ।
2. ਛੁੱਟੀ ਲੈਣ ਦਾ ਮਤਲਬ ਕੇਵਲ ਇਤਨਾ ਹੀ ਹੈ ਕਿ ਉਸਨੂੰ ਗੈਰ-ਹਾਜ਼ਰੀ ਜੁਰਮਾਨਾ ਨਹੀਂ ਹੋਵੇਗਾ । ਛੁੱਟੀ ਦਾ ਸਬੰਧ ਹਾਜ਼ਰੀ ਤੋਂ ਛੋਟ ਨਾਲ ਨਹੀਂ ਹੈ ।
3. ਕਾਲਜ ਨਾਲ ਸਬੰਧਤ ਕਿਸੇ ਸਰਗਰਮੀ ਵਿੱਚ ਭਾਗ ਲੈਣ ਲਈ ਭੇਜੇ ਗਏ ਵਿਦਿਆਰਥੀ ਸਬੰਧਤ ਇੰਚਾਰਜ/ਲੈਕਚਰਾਰ ਦੀ ਸਿਫਾਰਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜੀ ਮਨਜ਼ੂਰ ਕਰਵਾਉਣ ਲਈ ਲੈਕਚਰਾਰ ਨੂੰ ਦੇਣ ।
4. ਛੁੱਟੀ ਜਾਣ ਤੋਂ ਪਹਿਲਾਂ ਵਿਦਿਆਰਥੀ ਆਪਣੇ ਵਿਸ਼ਿਆਂ ਨਾਲ ਸਬੰਧਤ ਲੈਕਚਰਾਰ ਸਾਹਿਬਾਨ ਨੂੰ ਨੋਟ ਕਰਾਉਣ ।

## I-CARD-ਸ਼ਨਾਖਤੀ ਕਾਰਡ

1. ਸ਼ਨਾਖਤੀ ਕਾਰਡ ਗੁੰਮ ਹੋ ਜਾਣ ਤੇ ਵਿਦਿਆਰਥੀ ਨੂੰ ਪੁਲਿਸ ਥਾਣੇ ਵਿੱਚ ਐਫ।ਆਈ।ਆਰ। ਦਰਜ ਕਰਵਾਉਣੀ ਹੋਵੇਗੀ ਅਤੇ ਪ੍ਰਿੰਸੀਪਲ ਦੀ ਆਗਿਆ ਨਾਲ ਨਿਰਧਾਰਤ ਫੀਸ ਭਰਨ ਉਪਰੰਤ ਡੁਪਲੀਕੇਟ ਸਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ।
2. ਵਿਦਿਆਰਥੀ ਆਪਣਾ ਸ਼ਨਾਖਤੀ ਕਾਰਡ ਸੰਭਾਲ ਕੇ ਰੱਖਣ ਅਤੇ ਹੇਠ ਲਿਖੇ ਕੰਮਾਂ ਲਈ ਲੋੜ ਪੈਣ ਤੇ ਦਿਖਾਉਣ :
   (ੳ) ਕਾਲਜ ਦੇ ਬਤੌਰ ਰੈਗੂਲਰ ਵਿਦਿਆਰਥੀ ਹੋਣ ਦਾ ਸਬੂਤ ਵਜੋਂ।
   (ਅ) ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਨ ਵੇਲੇ ਇੰਚਾਰਜ ਪ੍ਰੋਫੈਸਰ ਨੂੰ ਦਿਖਾਉਣ ਲਈ।
   (ੲ) ਬੱਸ ਪਾਸ ਬਣਾਉਣ ਲਈ ਫਾਰਮ ਤਸਦੀਕ ਕਰਾਉਣ ਸਬੰਧੀ।
   (ਸ) ਲਾਇਬ੍ਰੇਰੀ ਸਕਿਊਰਟੀ ਵਾਪਸ ਲੈਣ ਸਮੇਂ ਵਿਦਿਆਰਥੀ ਬਨਾਖਤੀ ਕਾਰਡ ਦੀ ਇੱਕ ਫੋਟੋ ਕਾਪੀ ਕੋਲ ਵੀ ਜਰੂਰ ਰੱਖਣ।
   (ਹ) ਕਾਲਸ ਮੈਗਜ਼ੀਨ ਪ੍ਰਾਪਤ ਕਰਨ ਸਮੇਂ।
   (ਕ) ਦਫਤਰੀ ਕੰਮ ਲਈ ਪਹਿਚਾਨ ਵਜੋਂ।

(ਗ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਸਲਾਨਾ-ਸਮੈਸਟਰ ਪ੍ਰੀਖਿਆਵਾਂ ਅਤੇ ਘਰੇਲੂ ਪ੍ਰੀਖਿਆਵਾਂ ਦੌਰਾਨ ਪ੍ਰੀਖਿਆ ਕੇਂਦਰ ਵਿੱਚ ਆਪਣੀ ਪਹਿਚਾਣ ਦੀ ਪੁਸ਼ਟੀ ਲਈ।

## ਟਿਊਟੋਰੀਅਲ ਗਰੁੱਪ ਪ੍ਰਣਾਲੀ

1. ਕਾਲਜ ਦੇ ਹਰ ਵਿਦਿਆਰਥੀ ਨੂੰ ਕਿਸੇ ਇੱਕ ਟਿਊਟੋਰੀਅਲ ਗਰੁੱਪ ਵਿੱਚ ਸ਼ਾਮਲ ਕੀਤਾ ਜਾਵੇਗਾ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀ ਕਾਲਜ ਵਿੱਚ ਗੁਰੁੱਪ ਮੁਕਾਬਲੇ ਕਰਵਾ ਕੇ ਸਰਵਪੱਖੀ ਉਨਤੀ ਦਾ ਧਿਆਨ ਰੱਖਦਾ ਹੈ।
2. ਕਿਸੇ ਵਿਦਿਆਰਥੀ ਨੂੰ ਗਰੁੱਪ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
3. ਹਰ ਵਿਦਿਆਰਥੀ ਲਈ ਸਮੇਂ-ਸਮੇਂ ਸਿਰ ਹੋਣ ਵਾਲੀਆਂ ਗਰੁੱਪ ਮੀਟਿੰਗਾਂ ਵਿੱਚ ਹਾਜ਼ਰ ਹੋਣਾ ਜਰੂਰੀ ਹੈ। ਗੈਰ ਹਾਜਰ ਵਿਦਿਆਰਥੀ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ
4. ਹਰ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਕਾਲਜ ਵਿੱਚ ਆਪਣੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਦੀ ਰਿਪੋਰਟ ਸਮੇਂ ਸਿਰ ਆਪਣੇ ਟਿਊਟਰ ਦੇ ਰਿਕਾਰਡ ਵਿੱਚ ਦਰਜ ਕਰਵਾ ਦੇਣ।
5. ਟਿਊਟਰ ਆਪਣੇ ਗੁਰੁੱਪਾਂ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਰਿਕਾਰਡ ਰੱਖੇਗਾ। ਉਹ ਉਨ੍ਹਾਂ ਦੇ ਆਚਰਣ ਸਰਟੀਫਿਕੇਟ ਤੋਂ ਇਲਾਵਾ ਉਨ੍ਹਾਂ ਦੀ ਵਿਦਿਅਕ ਉਨਤੀ ਰਿਪੋਰਟ ਤੇ ਟਿੱਪਣੀ ਵੀ ਕਰੇਗਾ।

## ਪ੍ਰੈਕਟੋਰੀਅਲ ਗਰੁੱਪ ਪ੍ਰਣਾਲੀ

ਵਿਦਿਆਰਥੀਆਂ ਵਿੱਚ ਅਨੁਸ਼ਾਸਨ ਕਾਇਮ ਰੱਖਣ ਲਈ ਪ੍ਰਣਾਲੀ ਤਹਿਤ ਪ੍ਰੋਫੈਸਰ ਸਹਿਬਾਨ ਵੱਖ ਵੱਖ ਪੀਰੀਅਡਾਂ ਦੌਰਾਨ ਵਿਦਿਆਰਥੀਆਂ ਦੇ ਸ਼ਨਾਖਤੀ ਕਾਰਡ ਚੈਕ ਕਰਦੇ ਹਨ। ਉਨ੍ਹਾਂ ਦੀਆਂ ਸਮਸਿਆਵਾਂ ਵੀ ਸੁਣਦੇ ਹਨ ਅਤੇ ਵਿਦਿਆਰਥੀਆਂ ਨੂੰ ਆਪਣੀਆਂ ਕਲਾਸਾਂ ਸਮੇਂ ਸਿਰ ਲਗਾਉਣ ਲਈ ਅਤੇ ਆਪਣੇ ਖਾਲੀ ਸਮੇਂ ਦਾ ਸਦ ਉਪਯੋਗ ਕਰਨ ਲਈ ਵੀ ਪ੍ਰੇਰਿਤ ਕਰਦੇ ਹਨ।

## ਐੱਨ. ਐੱਸ. ਐੱਸ. (ਰਾਸ਼ਟਰੀ ਸੇਵਾ ਯੋਜਨਾ)

ਵਿਦਿਆਰਥੀਆਂ ਦੀ ਸਖਸ਼ੀਅਤ ਦੇ ਸਰਬ ਪੱਖੀ ਵਿਕਾਸ ਹਿੱਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦਾ ਵਿਭਾਗ ਚਲਾਇਆ ਜਾ ਰਿਹਾ ਹੈ। ਜੋ ਉਹਨਾਂ ਵਿੱਚ ਨਿਮਰਤਾ, ਹਿੰਮਤ, ਸੇਵਾ, ਲਗਨ ਅਤੇ ਸਹਿਯੋਗ ਆਦਿ ਜਿਹੇ ਮਾਨਵੀ ਗੁਣਾਂ ਦਾ ਨਿਰਮਾਣ ਕਰਕੇ ਸਮਾਜਿਕ ਬੁਰਾਈਆਂ ਵਿਰੁੱਧ ਚੇਤੰਨਤਾ ਪੈਦਾ ਕਰਦਾ ਹੈ ਅਤੇ ਆਦਰਸ਼ ਨਾਗਰਿਕ ਮਨਣ ਦੀ ਪ੍ਰੇਰਨਾ ਦਿੰਦਾ ਹੈ। ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦੇ 5 ਅੰਕ ਹਨ।

# ਘਰੇਲੂ ਪ੍ਰੀਖਿਆਵਾਂ ਸੰਬੰਧੀ ਨਿਯਮ

ਦਸੰਬਰ ਦੇ ਮਹੀਨੇ ਪ੍ਰੀਖਿਆਵਾਂ ਹੋਣਗੀਆਂ ਜਿਸਦੇ ਆਧਾਰ ਤੇ ਯੂਨੀਵਰਸਿਟੀ ਦੀ ਸਲਾਨਾ ਪ੍ਰੀਖਿਆ ਲਈ ਦਾਖਲਾ ਭੇਜਿਆ ਜਾਵੇਗਾ । ਇਸ ਸਬੰਧੀ ਨਿਯਮ ਇਸ ਪ੍ਰਕਾਰ ਹਨ ।

1. ਬੀ.ਏ.,ਬੀ.ਬੀ.ਏ,ਬੀ.ਕਾਮ. ਭਾਗ ਪਹਿਲਾ, ਦੂਜਾ, ਤੀਜਾ ਵਿੱਚ ਪੜ੍ਹਦੇ ਵਿਦਿਆਰਥੀ ਯੂਨੀਵਰਸਿਟੀ ਦੀ ਸਲਾਨਾ ਪ੍ਰੀਖਿਆ ਵਿੱਚ ਤਦ ਹੀ ਬੈਠ ਸਕਦੇ ਹਨ ਜੇਕਰ ਉਨ੍ਹਾਂ ਘਰੇਲੂ ਪ੍ਰੀਖਿਆਵਾਂ ਵਿੱਚੋਂ ਸਾਰੇ ਵਿਸ਼ਿਆਂ ਦੇ ਕੁੱਲ ਅੰਕਾਂ ਵਿੱਚ ਘੱਟੋ-ਘੱਟ 35 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ ਜਾਂ ਵੱਖ-ਵੱਖ ਵਿਸ਼ਿਆਂ ਵਿੱਚ ਘੱਟੋ-ਘੱਟ 25 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ ।
2. ਜੇ ਵਿਦਿਆਰਥੀ ਕੁਝ ਕਾਰਨਾਂ ਕਾਰਕੇ ਇਸ ਘਰੇਲੂ ਪ੍ਰਖਿਆ ਵਿੱਚ ਨਹੀਂ ਬੈਠ ਸਕਣਗੇ ਸਾਂ ਉਹ ਉਪਰ ਲਿਖੀਆਂ ਕੁੱਝ ਸ਼ਰਤਾਂ ਪੂਰੀਆਂ ਨਹੀਂ ਕਰਦੇ, ਉਨ੍ਹਾਂ ਲਈ ਜੇ ਪ੍ਰਿੰਸੀਪਲ ਚਾਹੁਣ ਤਾਂ ਇੱਕ ਵਿਸ਼ੇਸ਼ ਪ੍ਰੀਖਿਆ (ਸਪੈਸ਼ਲ ਟੈਸਟ) ਦਾ ਮੌਕਾ ਦਿੱਤਾ ਜਾ ਸਕਦਾ ਹੈ । ਵਿਚਿਆਰਥੀ ਨੂੰ ਕਾਲਜ ਵੱਲੋਂ ਸਪੈਸ਼ਲ ਟੈਸਟ ਦੀ ਨਿਰਧਾਰਤ ਫੀਸ ਜਮ੍ਹਾਂ ਕਰਵਾਉਣੀ ਹੋਵੇਗੀ । ਪਰ ਸਲਾਨਾ ਪ੍ਰੀਖਿਆ ਵਿੱਚ ਬੈਠਣ ਦੀਆਂ ਸ਼ਰਤਾਂ ਉਪਰ ਲਿਖੀਆਂ ਹੀ ਹੋਣਗੀਆਂ ।
3. ਘਰੇਲੂ ਪ੍ਰੀਖਿਆ ਸਮੇਂ ਛੁੱਟੀ ਕੇਵਲ ਬੀਮਾਰੀ ਦੀ ਹਾਲਤ ਵਿੱਚ ਹੀ ਦਿੱਤੀ ਜਾਵੇਗੀ । ਇਸ ਲਈ ਅਰਜ਼ੀ ਨਾਲ ਮੈਡੀਕਲ ਅਫਸਰ ਦਾ ਪ੍ਰਮਾਣ-ਪੱਤਰ ਲਗਾ ਕੇ ਛੁੱਟੀ ਕੇਵਲ ਪ੍ਰਿੰਸੀਪਲ ਤੋਂ ਐਡਵਾਂਸ ਵਿੱਚ ਮਨਜ਼ੂਰ ਕਰਵਾਈ ਜਾਵੇ । ਇਹ ਸੂਚਨਾ ਤੁਰੰਤ ਪ੍ਰੀਖਿਆ ਦੌਰਾਨ ਹੀ ਦਿੱਤੀ ਜਾਵੇ । ਬੀਮਾਰੀ ਦੀ ਛੁੱਟੀ ਕਾਰਨ ਇਮਤਿਹਾਨੀ ਕੰਡੀਸ਼ਨਾਂ ਵਿੱਚ ਛੋਟ ਨਹੀਂ ਹੋਵੇਗੀ ।
4. ਛੁੱਟੀ ਲਏ ਬਿਨਾਂ ਘਰੇਲੂ ਪ੍ਰੀਖਿਆਵਾਂ ਵਿੱਚ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਪ੍ਰਤੀ ਪਰਚਾ, ਕਾਲਜ ਵੱਲੋਂ ਨਿਸ਼ਚਿਤ ਕੀਤਾ ਗਿਆ ਜੁਰਮਾਨਾ ਦੇਣਾ ਪਵੇਗਾ ।
5. ਘਰੇਲੂ ਪ੍ਰੀਖਿਆ ਅਤੇ ਸਪੈਸ਼ਲ ਪ੍ਰੀਖਿਆ ਵਿੱਚ ਨਕਲ ਕਰਨ ਵਾਲੇ ਵਿਦਿਆਰਥੀ ਦਾ ਕੇਸ ਯੂ.ਐਮ.ਸੀ. ਕਮੇਟੀ ਕੋਲ ਅਗਲੇਰੀ ਕਾਰਵਾਈ ਲਈ ਭੇਜਿਆ ਜਾਵੇਗਾ ਅਤੇ ਉਸ ਨੂੰ ਕਾਲਜ ਵਿੱਚ ਦਿੱਤੀਆਂ ਰਿਆਇਤਾਂ (ਫੀਸਾਂ ਅਤੇ ਵਜ਼ੀਫੇ ਅਦ) ਖਤਮ ਕਰ ਦਿਤੀਆਂ ਜਾਣਗੀਆਂ।
6. ਜਿਨ੍ਹਾਂ ਵਿਦਿਆਰਥੀਆਂ ਦੇ ਨਾਮ ਕੱਟੇ ਗਏ ਹਨ ਉਨ੍ਹਾਂ ਵਿਦਿਆਰਥੀਆਂ ਲਈ ਘਰੇਲੂ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 10 ਦਿਨ ਪਹਿਲਾਂ ਪੁਨਰ ਦਾਖਲਾ ਕਰਵਾਉਣਾ ਲਾਜ਼ਮੀ ਹੋਵੇਗਾ ਨਹੀਂ ਤਾਂ ਉਹਨਾਂ ਨੂੰ ਘਰੇਲੂ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਹੋਵੇਗੀ ।

# ਹਾਜਰੀਆਂ ਸਬੰਧੀ ਨਿਯਮ

1. ਹਰ ਵਿਦਿਆਰਥੀ ਲਈ ਥਿਊਰੀ ਅਤੇ ਪ੍ਰੈਕਟੀਕਲ ਵਿੱਚ 75 ਪ੍ਰਤੀਸ਼ਤ ਹਾਜ਼ਰੀਆਂ ਜ਼ਰੂਰੀ ਹਨ ਜੇ ਥਿਊਰੀ ਵਿੱਚ 15 ਪ੍ਰਤੀਸ਼ਤ ਤੋਂ ਵੱਧ ਅਤੇ ਪ੍ਰੈਕਟੀਕਲ ਵਿੱਚ 7 ਪ੍ਰਤੀਸ਼ਤ ਤੋਂ ਵੱਧ ਲੈਕਚਰ ਘੱਟ ਹੋਣ ਤਾਂ ਉਹ ਵਿਦਿਆਰਥੀ ਯੂਨੀਵਰਸਿਟੀ ਦੀ ਪ੍ਰੀਖਿਆ ਨਹੀਂ ਦੇ ਸਕੇਗਾ ।
2. ਪ੍ਰਿੰਸੀਪਲ ਨੂੰ ਕੁਝ ਖਾਸ ਕਾਰਨਾਂ ਕਰਕੇ ਘੱਟ ਹਜ਼ਾਰੀਆਂ ਨੂੰ ਪੂਰਾ ਕਰਨ ਦਾ ਅਧਿਕਾਰ ਹੈ ਪਰ ਇਸ ਛੋਟ ਲਈ ਵਿਦਿਆਰਥੀ ਦੇ ਘੱਟੋ ਘੱਟ 50 ਪ੍ਰਤੀਸ਼ਤ ਲੈਕਚਰ ਹੋਣੇ ਜਰੂਰੀ ਹਨ । ਇਸ ਮੱਦ ਅਧੀਨ ਪ੍ਰਿੰਸੀਪਲ ਕੇਵਲ 12 ਪ੍ਰਤੀਸ਼ਤ ਲੈਕਚਰ ਮੁਆਫ ਕਰ ਸਕਦੇ ਹਨ।
3. ਛੁੱਟੀ ਲੈਣ ਦਾ ਮਤਲਬ ਕੇਵਲ ਇਤਨਾ ਹੀ ਹੈ ਕਿ ਉਸਨੂੰ ਗੈਰ ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ । ਛੁੱਟੀ ਦਾ ਸਬੰਧ ਹਾਜ਼ਰੀਆਂ ਛੋਟ ਨਾਲ ਨਹੀਂ ਹੈ । ਲੈਕਚਰ ਸ਼ਾਰਟੇਜ਼ ਬਾਰੇ ਸੂਚਨਾ ਸਮੇਂ ਸਿਰ ਦਿੱਤੀ ਜਾਵੇਗੀ ਅਤੇ ਘੱਟ ਲੈਕਚਰ ਵਾਲੇ ਵਿਦਿਆਰਥੀ ਦਾ ਰੋਲ ਨੰਬਰ ਰੋਕ ਲਿਆ।

# ਇਨਾਮਾਂ ਸੰਬੰਧੀ ਨਿਯਮ

1. ਘਰੇਲੂ ਪ੍ਰੀਖਿਆਵਾਂ ਦਾ ਕੁੱਲ ਜੋੜ ਅਤੇ ਵੱਖ੍ਰਵੱਖ ਵਿਸ਼ਿਆਂ ਵਿੱਚੋਂ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ । ਇਸ ਲਈ ਸਾਰਿਆਂ ਵਿਸ਼ਿਆਂ ਵਿਚੋਂ ਪਾਸ ਹੋਣਾ ਲਾਜ਼ਮੀ ਹੈ ਅਤੇ ਸਬੰਧਿਤ ਵਿਸ਼ਿਆਂ ਦਾ ਜੋੜ ਵਿੱਚ ਘੱਟੋ-ਘੱਟ 50 ਪ੍ਰਤੀਸ਼ਤ ਅੰਕ ਲੈਣੇ ਲਾਜ਼ਮੀ ਹੋਣੇਗੇ ।
2. ਕਾਲਜ ਦੇ ਵਾਰਸਿਕ ਖੇਡ ਮੁਕਾਬਲਿਆਂ ਦੇ ਆਧਾਰ ਤੇ ਖੇਡਾਂ ਲਈ ਇਨਾਮ ਦੇਣ ਦੀ ਵਿਵਸਥਾ ਹੈ ।
3. ਉਹ ਵਿਦਿਆਰਥੀ ਜਿਨ੍ਹਾਂ ਦੀ ਚਾਰ ਵਿਸ਼ਿਆਂ ਵਿੱਚ 100 ਪ੍ਰਤੀਸ਼ਤ ਹਾਜਰੀਆਂ ਹੋਣਗੀਆਂ, ਨੂੰ ਇਨਾਮ ਦਿੱਤੇ ਜਾਣਗੇ ।

# ਕਾਲਜ ਦੀਆਂ ਕੁਝ ਝਲਕੀਆਂ


















# ਕਾਲਜ ਦੀਆਂ ਕੁਝ ਝਲਕੀਆਂ



